ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ

ਫ਼ਰਵਰੀ ੧੯੮੪



ਪਵਿਤਰ ਗੁਰਧਾਮ ਵਿਚ ਹੋ ਰਹੇ ਕੁਕਰਮਾਂ ਨੂੰ ਰੋਕਣ ਲਈ ਅਨੇਕਾਂ ਸਿੰਘ ਸ਼ਹੀਦੀਆਂ ਪਾ ਗਏ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ [ਮਿਤੀ ੧੭-੧੦-੬੮ ਅ. ਪ.] ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਖਾਲਸਾ ਪੰਥ ਅਟੱਲ ਹੈ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਪਖੰਡ ਜੋਗ ਤੇ ਗੁਰਮਤਿ ਨਾਮ-ਜੋਗ | ੪ | ,, ,, ,, |
| ਅਕਾਲ ਪੁਰਖ | ੬ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਜੀਵਨ-ਝਲਕੀਆਂ ਡਾ: ਸੁਰਿੰਦਰ ਸਿੰਘ ਜੀ (੫) | ੧੦ | ਸ: ਗੁਰਬਖਸ਼ ਸਿੰਘ ਜੀ |
| ਮਨਮਤੀ ਪਰਚਾਰ ਤੇ ਸੱਚਾ ਗੁਰੂ | ੧੩ | 'ਸੂਰਾ' ਪਰਵਾਰ |
| ਜੀਅ-ਦਇਆ ਬਿਨਾਂ ਪਰਉਪਕਾਰ ਨਹੀਂ ਹੋ ਸਕਦਾ | ੧੫ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਇਕ ਸੱਚੀ ਵਾਰਤਾ—ਟੂਟੀ ਗਾਢਨਹਾਰ ਗੋਪਾਲ | ੧੭ | ਪ੍ਰੋਫੈਸਰ ਠਾਕਰ ਸਿੰਘ ਜੀ |
| ਕੀ 'ਚਿਤਰ ਗੁਪਤ' ਆਦਿ ਹਸਤੀਆਂ ਕੋਈ ਨਹੀਂ ? | ੨੧ | 'ਸੂਰਾ' ਪਰਵਾਰ |
| ਭਗਤੀ ਤ ਸ਼ਕਤੀ ਦਾ ਸੋਮਾ ਸ੍ਰੀ ਅੰਮ੍ਰਿਤਸਰ | ੨੮ | ਸ: ਮਦਨ ਸਿੰਘ ਜੀ ਯੂ. ਕੇ. |
| ਬੁਰਿਆਈ ਹਰ ਸੂਰਤ ਵਿਚ ਬੁਰੀ | ੩੨ | 'ਸੂਰਾ' ਪਰਵਾਰ |
| ਭਾ: ਸਾ: ਭਾਈ ਰਣਧੀਰ ਸਿੰਘ ਪੁਸਤਕ ਟ੍ਰਸਟ | ੩੪ | ਜਥੇਦਾਰ ਅਖੰਡ ਕੀਰਤਨੀ ਜਥਾ |
| ਚਲਦੀਆਂ, ਤੁਰੀਆਂ ਜਾਂਦੀਆਂ, ਪੰਥ-ਕਹਾਣੀਆਂ (ਕਵਿਤਾ) | ੩੫ | ਗਿਆਨੀ ਹਜ਼ਾਰਾ ਸਿੰਘ ਜੀ |
| ਸਵਾਂਤੀ ਬੂੰਦਾਂ (ਕਵਿਤਾ) | ੩੫ | ਹਕੀਮ ਹਰਿਭਜਨ ਸਿੰਘ ਸ਼ਰਨ |
| ਭਾ: ਸਾ: ਭਾਈ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ | ੩੬ | ਜਥੇਦਾਰ ਅਖੰਡ ਕੀਰਤਨੀ ਜਥਾ |
| ਪੰਥਕ ਖਬਰਾਂ | ੩੭ | ਅਖਬਾਰਾਂ ਦੀ ਜ਼ਬਾਨੀ |
| ਸੰਤ ਲੌਂਗੋਵਾਲ ਵਲੋਂ ਨਵੇਂ ਐਕਸ਼ਨ ਦਾ ਐਲਾਨ | ੩੯ | ਰੋਜ਼ਾਨਾ ਅਜੀਤ |


**ਸ੍ਰੀ ਗੁਰੂ ਹਰਿ ਰਾਇ ਸਾਹਿਬ ਅਵਤਾਰ ਧਾਰਿਆ ੧੫ ਫ਼ਰਵਰੀ**

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਨਰੈਣ ਸਿੰਘ ਸੇਠੀ ਲੁਧਿਆਣਾ | ਭਾਬੋ ਜੀ ਦੇ ਅੰਤਮ ਭੋਗ ਸਮੇਂ | ੫੧-੦੦ |
| ਸ: ਉਜਾਗਰ ਸਿੰਘ ਬਿਲਗਾ | ਗੋਲਕ ਗੁਰੂ ਮਹਾਰਾਜ ਸਾਹਿਬ ! | ੨੦੦-੦੦ |
| ਬੀਬੀ ਜਸਵਿੰਦਰ ਕੌਰ ਲੁਧਿਆਣਾ | ਬੱਚੀ ਦੇ ਜਨਮ ਦੀ ਖ਼ੁਸ਼ੀ ਵਿਚ | ੧੧-੦੦ |
| ਸ: ਸੁਖਦੇਵ ਸਿੰਘ ਲੁਧਿਆਣਾ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੦-੦੦ |
| ਸ: ਸਾਹਿਬ ਸਿੰਘ ਇੰਦਰੀ | ,, ,, ,, | ੩੧-੦੦ |
| ਸ੍ਰੀ ਦੌਲਤ ਰਾਮ ਫਿਰੋਜ਼ਪੁਰ | ਚੜ੍ਹਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ | ੪੦-੦੦ |
| ਸ: ਰੇਸ਼ਮ ਸਿੰਘ ਬੁਲ੍ਹੋਵਾਲ | 'ਸੂਰਾ ਦੀ ਚੜ੍ਹਦੀ ਕਲਾ ਲਈ | ੨੫੦-੦੦ |
| ਕਾਕਾ ਹਰਜੀਤ ਸਿੰਘ ਜਹਾਂਗੀਰ | ,, ,, ,, | ੧੧-੦੦ |
| ਬੀਬੀ ਦਵਿੰਦਰ ਕੌਰ ਜਹਾਂਗੀਰ | ,, ,, ,, | ੨੧-੦੦ |
| ਸ: ਕਾਬਲ ਸਿੰਘ ਗਰੇਵਜ਼ੈਂਡ ਯੂ. ਕੇ. | ,, ,, ,, | ੫੦-੦੦ |
| ਲਾਇਬਰੇਰੀ ਗੁਰੂ ਨਾਨਕ ਸਤਿਸੰਗ ਸਭਾ ਖੇਤਰੀ ਨਗਰ | ਭਾ: ਸ਼ਮਸ਼ੇਰ ਸਿੰਘ ਜੀ ਦੀ ਅੰਤਮ ਯਾਦ ਵਿਚ | ੩੫੦-੦੦ |


ਲਾਕਟ ਪ੍ਰਿੰਟਰਜ਼ ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੨.੮੪ ਨੂੰ ਪ੍ਰਕਾਸ਼ਤ ਕੀਤਾ

**ਟੈਲੀਫੋਨ ਨੰਬਰ : ੫੧੮੪੭ ਘਰ ੪੩੦੯੪**



www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦

**ਅਮਾਨਤੀ ਲਾਈਫ਼ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦

ਹਵਾਈ ਡਾਕ

ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੫੦-੦੦
ਅਰਬ ਮਲਾਇਆ ੫੦੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੮ ਫ਼ਰਵਰੀ ੧੯੮੪ ਅੰਕ ੨


## ਖਾਲਸਾ ਪੰਥ ਅਟੱਲ ਹੈ

ਗੁਰਮਤਿ ਮਤਿ ਅਚਲੁ ਹੈ, ਚਲਾਇ ਨ ਸਕੈ ਕੋਇ ॥ (੫੪੮-੪੯)

ਖਾਲਸਾ ਧਰਮ ਰੂਪੀ ਗੁਰਮਤਿ ਮੱਤ ਅਚੱਲ ਹੈ। ਇਹ ਕਦੇ ਚਲਾਇਮਾਨ ਨਹੀਂ ਹੁੰਦਾ। ਇਸ ਗੁਰਮਤਿ ਮੱਤ ਖਾਲਸਾ ਪੰਥ ਦੀ ਅਜ਼ਮਤ ਸਦਾ ਕਾਇਮ ਦਾਇਮ ਰਹੇਗੀ, ਕਿਉਂਕਿ ਇਸ ਘਰ ਦੇ ਸੰਤ ਭਗਤ ਜਨ ਜੁਗੋ ਜੁਗ ਅਟੱਲ ਥੀਂਦੇ ਰਹਿਣਗੇ। ਗੁਰਸਿਖ ਭਗਤਾਂ ਸੰਤਾਂ ਦੀ ਅਜ਼ਮਤ ਦੇ ਅਟੱਲ ਅਚੱਲ ਰਹਿਣ ਦੇ ਕਾਰਨ ਗੁਰੂ ਪੰਥ ਗੁਰਮਤਿ ਮੱਤ ਦੀ ਅਜ਼ਮਤ ਭੀ ਸਦਾ ਸਦਾ ਲਈ ਅਸਥਿਰ ਅਬਿਚਲ ਰਹੇਗੀ। ਜੁਗ ਜੁਗ ਪੈਜ ਰਖਣਹਾਰਾ ਵਾਹਿਗੁਰੂ ਆਪਣੇ ਸੰਤਾਂ ਭਗਤਾਂ ਗੁਰਸਿਖਾਂ ਦੀ ਪ੍ਰੇਮਾ ਭਗਤੀ ਨੂੰ ਅੰਗੀਕਾਰ ਕਰਦਾ ਰਹੇਗਾ। ਅਤੇ ਅਜ਼ਮਤ ਦੀ ਕਾਇਮ-ਦਾਇਮੀ ਦਾ ਕਾਰਜ ਸੁਹਾਵਾ ਹੁੰਦਾ ਰਹੇਗਾ। ਬਸ, ਇਕੋ ਗੁਰਮਤਿ ਧਰਮ ਹੀ ਜੁਗ ਜੁਗ ਪੂਰਾ ਉਤਰਨ ਵਾਲਾ ਧਰਮ ਹੈ ਅਤੇ ਇਸ ਨੂੰ ਧਾਰਨ ਦ੍ਰਿੜ੍ਹਾਰਨ ਵਾਲੇ ਗੁਰਸਿਖ ਭੀ ਪੂਰੇ ਸੂਰੇ ਪਰਵਾਨ ਪਏ ਸੰਤ ਭਗਤ ਜਨ ਹੋਣਗੇ, ਜੈਸੇ ਕਿ "ਇਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ" ਨਾਮੇ ਗੁਰਵਾਕ ਦਾ ਭਾਵ ਹੈ।

[ਭਾ: ਸਾ: ਭਾਈ ਰਣਧੀਰ ਸਿੰਘ ਲਿਖਤ "ਸੰਤ ਪਦ ਨਿਰਣੇ" ਵਿਚੋਂ




www.AKJ.Org

# ਪਖੰਡ-ਜੋਗ ਤੇ ਗੁਰਮਤਿ ਨਾਮ-ਜੋਗ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥
ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥
ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ਰਹਾਉ॥
ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥
ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥
ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥
ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥
ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥
ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥

(ਰਾਮਕਲੀ ਮਹਲਾ ੧, ਪੰਨਾ ੮੭੭–੭੮

ਇਸ ਗੁਰਵਾਕ ਦਵਾਰਾ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਸਿਧ ਮੰਡਲੀ ਵਾਲੇ ਜੋਗੀਆਂ ਨੂੰ ਖ਼ੁਦ ਮਿਲ ਕੇ ਸਨਮੁਖ ਉਪਦੇਸ਼ ਦੇਂਦੇ ਹਨ ਕਿ ਤੁਹਾਡੇ ਅਨਮਤਿ ਪਾਖੰਡ ਜੋਗ ਵਿਚ ਕੁਝ ਨਹੀਂ ਧਰਿਆ ਪਿਆ, ਤਾਂ ਤੇ ਉਨ੍ਹਾਂ ਪ੍ਰਤੀ ਸੱਚਾ ਗੁਰਮਤਿ ਜੋਗ ਦ੍ਰਿੜ੍ਹਾਉਂਦੇ ਹਨ–

ਪ੍ਰਿਥਮ ਤਾਂ ਸਿਧ ਮੰਡਲੀ ਦੇ ਇਕ ਪ੍ਰਸਿਧ ਜੋਗੀ ਮਾਛਿੰਦਰ ਨਾਥ ਨਾਮ ਵਾਲੇ ਇਕ ਵਡੇ ਜੋਗੀ ਪ੍ਰਤੀ ਇਹ ਬਿਧਿ ਸੁਮਤਿ ਬਖਸ਼ਦੇ ਹਨ, ਕਿ ਜੋਗਾਂ ਸਿਰ ਜੋਗ ਦਾ ਪਹਿਲਾ ਸੱਚਾ ਨੁਸਖ਼ਾ ਇਹ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਪੰਜਾਂ ਵਿਕਾਰਾਂ ਨੂੰ ਵਸਗਤਿ ਕਰੇ, ਅਤੇ ਇਨ੍ਹਾਂ ਵਲੋਂ ਸਦਾ ਅਡੋਲ ਰਹਿ ਕੇ ਸਾਵਧਾਨ ਰਹੇ। ਇਸ ਸਾਵਧਾਨਤਾ ਸਹਿਤ ਗੁਰਮਤਿ ਨਾਮ ਅਭਿਆਸ ਕਰਨ ਵਾਲਾ ਸੱਚਾ ਜੋਗ-ਜੋਗਤੀਸ਼ਰ ਗੁਰਮੁਖ ਜੋਗੀ ਹੈ। ਅਰਥਾਤ, ਉਪਰ ਦਸੀ ਗੁਰਮਤਿ ਜੋਗ ਦੀ ਜੁਗਤੀ ਨੂੰ ਜੋ ਪਾਲਦਾ ਹੈ, ਉਹੀ ਸੱਚਾ ਜੋਗੀ ਹੈ। ਐਸਾ ਗੁਰਮੁਖ ਜੋਗੀ ਨ ਸਿਰਫ਼ ਆਪ ਹੀ ਭਵ-ਸਾਗਰ ਤੋਂ ਤਰ ਜਾਂਦਾ ਹੈ, ਬਲਕਿ ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਤਾਰ ਲੈਂਦਾ ਹੈ। ਵਿਰੱਕਤ ਸਾਧੂ ਸੱਚਾ ਅਵਧੂਤ ਜੋਗੀ ਸੋਈ ਹੈ, ਜੋ ਉਪਰ ਦਸੀ ਗੁਰਮਤਿ ਮਤਿ ਅਨੁਸਾਰ ਜੋਗ ਕਮਾਉਂਦਾ ਹੈ। ਯਥਾ–ਗੁਰਮੁਖਿ ਜੋਗੀ ਸੋ ਹੈ ਜੋ ਦਿਨੇ ਰਾਤ ਗੁਰਮਤਿ ਨਾਮ ਵਿਚ ਲੀਨ ਰਹਿ ਕੇ ਅਫੁਰ ਨਿਰਵਿਕਲਪ ਵਿਚ ਸਮਾ ਜਾਂਦਾ ਹੈ। ਐ ਜੋਗੀਓ ! ਤੁਸੀਂ ਝੂਠੀ ਭਿਖਿਆ ਮੰਗਣ ਵਿਚ ਪ੍ਰਵਿਰਤ ਰਹਿੰਦੇ ਹੋ, ਗੁਰਮਤਿ ਨਾਮ ਰੂਪੀ ਸੱਚੀ ਭੈ-ਭਗਤੀ ਅਤੇ ਪ੍ਰਮਾਰਥ ਦੇ ਸੱਚੇ ਭੈ ਅੰਦਰ ਚਲਣਾ ਹੀ ਸੱਚੀ ਭਿਖਿਆ ਮੰਗਣਾ ਹੈ। ਅਮੁਲਾ ਸੰਤੋਖ ਕੇਵਲ ਗੁਰਮਤਿ ਨਾਮ ਦੇ ਰੰਗਾਂ ਵਿਚ ਹੀ ਰੰਗੀਜੇ ਰਹਿਣਾ ਹੈ। ਐਸੇ ਪ੍ਰਮਾਰਥ ਰੰਗਾਂ ਵਿਚ ਰਤੇ ਰਹਿਣ ਕਰਕੇ ਹੀ ਸੱਚੀ ਤ੍ਰਿਪਤੀ ਆਉਂਦੀ ਹੈ। ਐਸਾ ਗੁਰਮਤਿ ਨਾਮ ਅਭਿਆਸ ਕਰਦਾ ਹੋਇਆ, ਅਤੇ ਵਾਹਿਗੁਰੂ ਦਾ ਧਿਆਨ ਧਰਦਾ ਹੋਇਆ ਧਿਆਨ ਰੂਪ ਹੋ ਜਾਵੇ, ਐਸਾ ਆਸਨ ਜਮਾਉਣਾ ਅਤੇ ਧਿਆਨ ਵਿਚ ਤਦ-ਰੂਪ ਹੋ ਜਾਣਾ ਹੀ ਸੱਚੀ ਗੁਰਮਤਿ ਜੋਗ-ਜੁਗਤਿ ਹੈ। ਐ ਜੋਗੀਓ ! ਇਹ ਜੋ ਤੁਸੀਂ ਝੂਠੀਆਂ ਤਾੜੀਆਂ ਲਾਂਦੇ ਹੋ, ਇਹ ਕਿਸੇ ਲੇਖੇ ਹੀ ਨਹੀਂ, ਕਿਉਂਕਿ ਸੰਕਲਪ ਤੁਹਾਡੇ ਮਿਟਦੇ ਹੀ ਨਹੀਂ। ਸੱਚੇ ਨਾਮ ਵਿਚ ਹੀ ਸਾਸ ਗਿਰਾਸ ਅਭਿਆਸ ਸਿਥਿਤ ਹੋ ਕੇ ਹੀ ਸੱਚੀ ਤਾੜੀ ਲਗਦੀ ਹੈ ਅਤੇ ਕੋਈ ਫੁਰਨਾ ਆਦਿ ਹੋਰ ਨਹੀਂ ਫੁਰਦਾ। ਇਸ ਬਿਧਿ, ਕੇਵਲ ਇਸ ਬਿਧਿ ਹੀ ਵਾਹਿਗੁਰੂ ਦੇ ਚਰਨਾਂ ਵਿਚ ਚਿਤ ਲਗਦਾ ਹੈ।

ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਅੰਮ੍ਰਿਤ ਬਾਣੀ ਹੀ ਉਚਾਰਨ ਕਰਦਾ ਰਹੇ। ਹੇ ਮਾਛਿੰਦਰ ਜੋਗੀ ! ਜ਼ਰਾ ਕੰਨ ਲਾ ਕੇ ਸੁਣ, ਸੱਚੀ ਗੁਰਮਤਿ ਸਿਖਿਆ ਨੂੰ, ਕਿ ਸੱਚੇ ਅਉਧੂ ਦੀ ਨੀਸ਼ਾਨੀ ਇਹ

www.AKJ.Org

ਹੈ ਕਿ ਉਹ ਆਸਾ ਵਿਚ ਨਿਰਾਸ ਹੋ ਕੇ ਸਾਰੀ ਉਮਰ ਬਤੀਤ ਕਰੇ, ਯਕੀਨਨ ਐਸਾ ਜੋਗੀ ਕਰਤੇ ਪੁਰਖ ਨੂੰ ਪਾ ਲੈਂਦਾ ਹੈ, ਐਸਾ ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ।

ਗੁਰੂ ਨਾਨਕ ਸਾਹਿਬ ਸਚੜੀ ਗੁਰਮਤਿ ਗੁਹਜ ਗੱਲ ਸੁਣਾਉਂਦੇ ਹਨ, ਕਿ ਕੇਵਲ ਗੁਰਮਤਿ ਜੋਗ-ਜੁਗਤੀ ਦਵਾਰਾ ਹੀ ਈਸ਼ਵਰ ਅਤੇ ਜੀਵ ਵਿਖੇ ਜੋ ਹਉਮੈ ਰੂਪੀ ਕੰਧ ਦੀ ਸੰਧ ਪਈ ਹੋਈ ਹੈ, ਉਸ ਨੂੰ ਮਿਟਾ ਕੇ ਸੱਚ ਵਾਹਿਗੁਰੂ ਨਾਲ ਮਿਲਿਆ ਰਹੇ। ਗੁਰ-ਦੀਖਿਆ ਰੂਪੀ ਸੱਚੀ ਔਖਧੀ ਵਰਤਣ ਨਾਲ ਹੀ ਸੱਚਾ ਭੋਜਨ ਛਾਂਦਾ ਮਿਲਦਾ ਹੈ। ਐਸੇ ਗੁਰਮਤਿ ਜੋਗੀ ਨੂੰ ਸੁਤੇ ਸੁਭਾਵ ਹੀ ਛੇ ਦਰਸ਼ਨ (ਖਟ ਸ਼ਾਸਤਰਾਂ ਦੀ) ਸੋਝੀ ਹੋ ਜਾਂਦੀ ਹੈ।

ਇਹੋ ਭਾਵ ਅਗਲੇਰੇ ਗੁਰਵਾਕ ਅੰਦਰ ਵੀ ਨਿਰੂਪਣ ਕੀਤਾ ਗਿਆ ਹੈ ਕਿ ਪਾਖੰਡ ਜੋਗ ਕੀਤਿਆਂ ਪਾਪਾਂ ਦੀ ਭਰੀ ਹੋਈ ਬੇੜੀ ਬੰਨੇ ਨਹੀਂ ਲਗਦੀ, ਤ੍ਰਿਸ਼ਨਾ ਰੂਪੀ ਹਵਾ ਲਗਣ ਤੇ ਡੁਬ ਜਾਂਦੀ ਹੈ। ਗੁਰਮਤਿ ਨਾਮ ਰਤੜੇ ਸੱਚੇ ਜੋਗ ਪ੍ਰਾਪਤ ਕੀਤੇ ਬਿਨਾਂ ਇਹ ਹਵਾ ਸਾਰੇ ਪਾਖੰਡ ਜੋਗੀਆਂ ਤੇ ਲਗੇ ਬਿਨਾਂ ਰਹਿੰਦੀ ਨਹੀਂ। ਸਨਮੁਖ ਹੋ ਕੇ ਨਿਰਵਿਕਲਪ ਸੱਚੇ ਵਾਹਿਗੁਰੂ ਸਿਧ ਨੂੰ ਭੇਟਣ ਲਗਿਆਂ, ਨਿਸਚੇ ਕਰਕੇ ਸੱਚੀ ਵਡਿਆਈ ਮਿਲਦੀ ਹੈ। ਤਾਂ ਤੇ ਧੁਰ ਦਰਗਾਹੋਂ ਕਲਜੁਗੀ ਜੀਵਾਂ ਨੂੰ ਤਾਰਨ ਆਇਆ ਸਤਿਗੁਰੂ ਹੀ ਮੰਝਧਾਰ ਪਈ ਬੋਹਿਥ ਨੂੰ ਤਾਰਨਹਾਰਾ ਹੈ। ਪੂਰਨ ਅਬਿਨਾਸ਼ੀ ਵਾਹਿਗੁਰੂ ਦੀ ਸਤਿਗੁਰੂ ਦਵਾਰਾ ਬਖਸ਼ੀ ਹੋਈ ਭਗਤੀ ਕਰਕੇ ਹੀ ਨਿਸਤਰੀ ਦਾ ਹੈ। ਐਸੇ ਸਤਿਗੁਰੂ ਵਿਟਹੁ ਸਦਾ ਸਦਾ ਹੀ ਵਾਰਨੇ ਬਲਿਹਾਰਨੇ ਜਾਈਏ। ਇਹ ਜੋਗ, ਸਿਧ ਸਾਧਿਕ, ਜੋਗੀ ਜੰਗਮ, ਸਰੇਵੜੇ ਸਭ ਭਰਮ-ਭੁਲੇ ਅਤੇ ਭਟਕੇ ਹੀ ਫਿਰਦੇ ਹਨ। ਸੱਚੀ ਸਿਧਤਾ ਇਹ ਹੈ, ਜਿਸ ਦਵਾਰਾ ਇਕ ਅਕਾਲ ਰੂਪੀ ਸੱਚੇ ਵਾਹਿਗੁਰੂ ਸਿਧ ਨੂੰ ਧਿਆਇਆ ਜਾਵੇ। ਅਤੇ ਉਹੀ ਸੱਚੜੇ ਸਿਧ ਸਾਧਿਕ ਸੱਚੜੇ ਜੋਗੀ ਹੈਨ, ਜੋ ਸਚੜੀ ਸਿਧੀ ਗ੍ਰਹਿਣ ਕਰ ਕੇ ਇਕੋ ਸੱਚੜੇ ਵਾਹਿਗੁਰੂ ਸਿਧ ਨੂੰ ਧਿਆਉਂਦੇ ਹਨ। ਉਹ ਵਾਹਿਗੁਰੂ ਸੁਆਮੀ ਦੇ ਚਰਨ ਪਰਸਿਆਂ ਹੀ ਸਫਲ ਹੋ ਜਾਂਦੇ ਹਨ। ਤਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ ਧੁਰੋਂ, ਗੁਰੂ ਵਾਹਿਗੁਰੂ ਦੀ ਦਰਗਾਹੋਂ ਸੱਚਾ ਗੁਰ-ਦੀਖਿਆ-ਮਈ ਗੁਰਮਤਿ ਨਾਮ ਗੁਰਮੰਤਰ ਰੂਪੀ ਅੱਖਰ ਮਿਲ ਜਾਂਦਾ ਹੈ। ਸੋ ਸੱਚੇ ਗੁਰਮਤਿ ਜੋਗੀਆਂ ਨੂੰ ਵਾਹਿਗੁਰੂ ਨਾਮ ਜਪੀ ਜਾਣ ਬਿਨਾਂ ਕੋਈ ਵੀ ਹੀਲਾ ਨਹੀਂ। ਤਾਂ ਤੇ ਐਸੇ ਗੁਰਮਤਿ ਨਾਮ-ਅਹਾਰੀ ਨਾਮ-ਜੁਗਤਾਰੀ ਜਨ ਵਾਹਿਗੁਰੂ ਦੇ ਸੱਚੇ ਨਾਮ ਬਾਝੋਂ ਹੋਰ ਕੋਈ ਵੀ ਜਪ, ਤਪ, ਸੰਜਮ ਕਰਮ ਨਹੀਂ ਜਾਣਦੇ। ਗੁਰ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਅਜਿਹੇ ਵਡਭਾਗੀ ਜਨਾਂ ਨੂੰ ਗੁਰੂ, ਪ੍ਰਮੇਸ਼ਰ ਰੂਪ ਧੁਰ ਦਰਗਾਹੋਂ ਹੀ ਭੇਟਨ ਹੋ ਜਾਂਦਾ ਹੈ। ਸੱਚੇ ਗੁਰ ਸ਼ਬਦ ਦਵਾਰਾ ਹੀ ਸਚੜਾ ਨਿਬੇੜਾ ਹੁੰਦਾ ਹੈ। ਗੁਰ-ਦੀਖਿਆ ਗ੍ਰਹਿਣ ਕੀਤੇ ਬਿਨਾਂ ਜਨਮ ਮਰਨ ਦਾ ਗੇੜ ਨਹੀਂ ਮੁਕਦਾ ਅਤੇ ਸੱਚੜਾ ਰਾਜ ਜੋਗ ਪ੍ਰਾਪਤ ਨਹੀਂ ਹੁੰਦਾ। ਇਸ ਤੋਂ ਬਿਨਾਂ ਹੋਰ ਸਭ ਪਾਖੰਡ ਰੂਪ ਹੈ, ਗੁਰਵਾਕ—

> ਹਮ ਡੋਲਤ ਬੇੜੀ ਪਾਪ ਭਰੀ ਹੈ, ਪਵਣੁ ਲਗੈ ਮਤੁ ਜਾਈ॥ ਸਨਮੁਖ ਸਿਧ ਭੇਟਣ ਕਉ
> ਆਏ, ਨਿਹਚਉ ਦੇਹਿ ਵਡਿਆਈ॥੧॥ ਗੁਰ ਤਾਰਿ ਤਾਰਣਹਾਰਿਆ॥ ਦੇਹਿ ਭਗਤਿ ਪੂਰਨ
> ਅਵਿਨਾਸੀ, ਹਉ ਤੁਝ ਕਉ ਬਲਿਹਾਰਿਆ॥੧॥ਰਹਾਉ॥ ਸਿਧ ਸਾਧਿਕ ਜੋਗੀ ਅਰੁ ਜੰਗਮ,
> ਏਕੁ ਸਿਧੁ ਜਿਨੀ ਧਿਆਇਆ॥ ਪਰਸਤ ਪੈਰ ਸਿਝਤ ਤੇ ਸੁਆਮੀ, ਅਖਰੁ ਜਿਨ ਕਉ
> ਆਇਆ॥੨॥ ਜਪ ਤਪ ਸੰਜਮ ਕਰਮ ਨ ਜਾਨਾ, ਨਾਮੁ ਜਪੀ ਪ੍ਰਭ ਤੇਰਾ॥ ਗੁਰੁ ਪਰਮੇਸਰੁ
> ਨਾਨਕ ਭੇਟਿਓ, ਸਾਚੈ ਸਬਦਿ ਨਿਬੇਰਾ॥੩॥੬॥ ਰਾਮਕਲੀ ਮਹਲਾ ੧, ਪੰਨਾ ੮੭੮

ਸਾਰ ਸਿੱਟਾ ਇਹ ਹੈ ਕਿ ਜਿਤਨੇ ਵੀ ਅਨਮਤਿ ਜੋਗ-ਜੁਗਤਿ ਵਾਲੇ ਭੇਤ ਹਨ, ਸਭ ਰਸਾਤਲ ਨੂੰ ਲਿਜਾਣ ਵਾਲੇ ਹਨ। ਕੇਵਲ ਗੁਰਮਤਿ, ਸੱਚੜੀ ਗੁਰਮਤਿ ਧਾਰਨੀ, ਸੱਚੜਾ ਮੱਤ ਧਾਰਨ ਕੀਤਿਆਂ ਸੱਚੜਾ ਨਿਸਤਾਰਾ ਤੇ ਭਵਜਲ ਤੋਂ ਪਾਰ-ਉਤਾਰਾ ਹੁੰਦਾ ਹੈ। ['ਗੁਰਮਤਿ ਗੌਰਵਤਾ" ਪੁਸਤਕ ਵਿਚੋਂ



www.AKJ.Org

# ਅਕਾਲ ਪੁਰਖ

ਪ੍ਰੋਫੈਸਰ ਗੁਰਮੁਖ ਸਿੰਘ ਜੀ, ਗੌਰਮੈਂਟ ਕਾਲਜ, ਸੰਗਰੂਰ

"ਸਿਖ ਇਕ ਵੱਖਰੀ ਕੌਮ" 'ਸੂਰਾ' ਅੰਕ ਦਸੰਬਰ ੧੯੮੩ ਵਿਚ ਪ੍ਰੋ: ਗੁਰਮੁਖ ਸਿੰਘ ਜੀ ਲਿਖਤ "ਭਾਰਤੀ ਧਰਮ-ਚੇਤਨਾ ਤੇ ਗੁਰਮਤਿ ਫਲਸਫਾ" ਨਾਮੀ ਲੇਖ ਸੰਕੇਤਕ ਤੌਰ ਤੇ ਹੀ ਦਿਤਾ ਜਾ ਸਕਿਆ ਸੀ। ਹੁਣ ਉਸ ਲੇਖ ਨਾਲ ਸੰਬੰਧਤ ਨਿਰੋਲ ਗੁਰਮਤਿ ਸਿਧਾਂਤਾਂ ਦਾ ਨਿਰਣਾ ਕਰ ਕੇ ਦਸਿਆ ਜਾ ਰਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਜਾਗਰ ਕੀਤਾ, ਪੰਥ ਨਿਰ-ਮਲ ਤੇ ਨਿਰ-ਭਉ ਰੂਪ ਵਿਚ ਇਕ ਵਿਲੱਖਣ ਪੰਥ ਹੈ, ਜਿਸ ਦਾ ਬਹੁਤ ਹੀ ਸ਼ਾਨਦਾਰ ਤੇ ਗੌਰਵਮਈ ਇਤਿਹਾਸ ਹੈ। ਐਤਕੀ ਉਸ ਦਾ ਪ੍ਰਥਮ ਅੰਕ "ਅਕਾਲ ਪੁਰਖ" ਦੇ ਰਹੇ ਹਾਂ। —ਸੰਪਾਦਕ

ਗੁਰਮਤਿ ਇਕ ਆਸਤਕ ਧਰਮ ਹੈ। ਇਸ ਅੰਦਰ ਪ੍ਰਭੂ ਪਰਮੇਸ਼ਰ ਜੀ ਸੰਬੰਧੀ ਜੋ ਵਿਚਾਰਧਾਰਾ ਸ੍ਰੀ ਗੁਰੂ ਸਾਹਿਬਾਨ ਨੇ ਵਿਅਕਤ ਕੀਤੀ ਹੈ, ਉਸ ਦਾ **ਅਧਾਰ** ਰਹੱਸਵਾਦੀ ਅਨੁਭਵ ਹੈ। ਗੁਰਵਾਕ—

**ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥**

(ਰਾਮਕਲੀ ਮ: ੫, ੮੯੪)

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਨਿਜੀ ਗਵਾਹੀ ਭਰਦੇ ਹੋਏ ਫੁਰਮਾਉਂਦੇ ਹਨ :—

ਸਤਿਗੁਰੁ ਦੇਖਿਆ, ਦੀਖਿਆ ਲੀਨੀ ॥ ੪॥

(ਗਉੜੀ ਮ: ੧, ਪੰਨਾ ੨੨੭)

ਪੁਨਾ: ਅਪਰੰਪਰ ਪਾਰਬ੍ਰਹਮੁ ਪਰਮੇਸਰੁ, ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥

(ਸੋਰਠਿ ਮ: ੧, ਪੰਨਾ ੫੯੯)

ਇੰਜ ਸਤਿਗੁਰੂ ਸਾਹਿਬਾਨ ਦੇ ਸਮੁੱਚੇ ਸਿਧਾਂਤਾਂ ਦੀ ਗੁਰਮਤਿ ਫਿਲਾਸਫੀ, ਸਮਕਾਲੀ ਵਿਚਾਰਧਾਰਾ (ਭਾਰਤੀ ਜਾਂ ਸਾਮੀ) ਤੋਂ ਭਿੰਨ ਅਤੇ ਵਿਲੱਖਣ ਹੈ ਅਤੇ ਉਹ ਰਹੱਸਮਈ ਅਨੁਭਵ ਚੋਂ ਪਰਗਟ ਹੋਈ ਹੈ, ਨਾ ਕਿ ਬੌਧਿਕ ਸੋਚ ਜਾਂ ਚਿੰਤਨ ਤੋਂ। ਜਿਹਾ ਕਿ ਗੁਰ ਫੁਰਮਾਨ ਹੈ—

**—ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥** (੩੯੭)

ਅਤੇ **—ਕਥਾ ਕਹਾਣੀ ਬੇਦੀ ਆਣੀ, ਪਾਪੁ ਪੁੰਨੁ ਬੀਚਾਰੁ ॥**
**ਦੇ ਦੇ ਲੈਣਾ ਲੈ ਲੈ ਦੇਣਾ, ਨਰਕਿ ਸੁਰਗਿ ਅਵਤਾਰ ॥**
**ਉਤਮ ਮਧਿਮ ਜਾਤੰੀ ਜਿਨਸੀ, ਭਰਮਿ ਭਵੈ ਸੰਸਾਰੁ ॥**
**ਅੰਮ੍ਰਿਤ ਬਾਣੀ ਤਤੁ ਵਖਾਣੀ, ਗਿਆਨ ਧਿਆਨ ਵਿਚਿ ਆਈ ॥...***(੧੨੪੩)

ਅਤੇ ਫਿਰ—**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ॥**
**ਤਤੈ ਸਾਰ ਨ ਜਾਣੀ ਗੁਰੂ ਬਾਝਹੁ, ਤਤੈ ਸਾਰ ਨ ਜਾਣੀ ॥** (੯੨੦)

ਹੋਰ ਵੇਖੋ— **ਬੇਦ ਕਤੇਬ ਕਰਹਿ ਕਹ ਬਪੁਰੇ, ਨਹ ਬੂਝਹਿ ਇਕ ਏਕਾ ॥੬॥** (੧੧੫੩)

---

*ਸ਼ਬਦਾਰਥ ਪੰਨਾ ੧੨੪੩ ਤੇ ਇਨ੍ਹਾਂ ਤੁਕਾਂ ਦੀ ਇਉਂ ਵਿਆਖਿਆ ਕੀਤੀ ਹੋਈ ਹੈ—

ਵੇਦਾਂ ਤੋਂ ਠੀਕ ਅਗਵਾਈ ਨਹੀਂ ਮਿਲ ਸਕਦੀ, ਕਿਉਂਕਿ ਓਹ ਤਾਂ ਕਰਮ-ਕਾਂਡ ਵਿਚ ਹੀ ਰਹਿੰਦੇ ਹਨ ਅਤੇ ਮਨੁਖਾਂ ਨੂੰ ਉਚੀਆਂ ਨੀਵੀਆਂ ਜਾਤਾਂ ਦੇ ਭਰਮ ਵਿਚ ਪਾ ਰਖਦੇ ਹਨ। ਅਸਲ ਗਿਆਨ ਤੇ ਲਿਵ ਵਾਲੀਆਂ ਗੱਲਾਂ ਕੇਵਲ ਸਤਿਗੁਰੂ ਦੀ ਬਾਣੀ ਹੀ ਦਸਦੀ ਹੈ। ਵੇਦ ਤਾਂ ਮਨੁਖ ਨੂੰ ਕਰਮ-ਫਿਲਾਸਫੀ ਦੇ ਪਿਛੇ ਪਾ ਦਿੰਦੇ ਹਨ। ਅਸਲ ਚੀਜ਼ ਗਿਆਨ ਹੈ, ਜੋ ਸਾਨੂੰ ਕਰਮਾਂ ਦੀਆਂ ਗਿਣਤੀਆਂ ਮਿਣਤੀਆਂ ਅਤੇ ਉਨ੍ਹਾਂ ਦੇ ਫਲ, ਨਰਕ ਸੁਰਗ, ਤੋਂ ਕਢ ਕੇ ਹਰੀ ਪ੍ਰਭੂ ਨੂੰ ਵਡਾ ਕਰਕੇ ਦਸਦਾ ਅਤੇ ਉਸ ਦੇ ਸੱਚੇ ਨਾਮ ਵਿਚ ਲੀਨ ਕਰਾਉਂਦਾ ਹੈ।......



www.AKJ.Org

ਇਹ ਗੱਲ ਹੋਰ ਹੈ ਕਿ ਗੁਰਮਤਿ ਸਿਧਾਂਤ ਕਿਤੇ ਕਿਤੇ ਸਮਕਾਲੀ ਵਿਚਾਰਧਾਰਾ ਨੂੰ ਪਰਵਾਨ ਕਰਦਾ ਹੈ; ਪਰ ਉਹ ਭੀ ਉਥੇ ਜਿਥੇ ਉਹ ਯਥਾਰਥ ਹੋਵੇ। ਨਹੀਂ ਤਾਂ ਨਹੀਂ। ਅਵਤਾਰ-ਵਾਦ ਦਾ ਗੁਰਮਤਿ ਵਿਚ ਖੰਡਨ ਬੜੇ ਜ਼ੋਰਦਾਰ ਸ਼ਬਦਾਂ ਵਿਚ ਕੀਤਾ ਗਿਆ ਹੈ :–

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥੩॥੧॥
(ਭੈਰਉ ਮ: ੫, ਪੰਨਾ ੧੧੩੬)

ਕਿਉਂਕਿ ਅਕਾਲਪੁਰਖ ਅਜੂਨੀ ਹੈ।

ਸ੍ਰੀ ਗੁਰੂ ਜੀ ਨੇ ਸਭ ਤੋਂ ਪਹਿਲਾ ਸਿਧਾਂਤ ਸ੍ਰੀ ਅਕਾਲ ਜੀ ਦੀ ਹਸਤੀ ਦੇ ਗੁਣਾਂ ਦਾ ਦਿੱਤਾ, ਜਿਸ ਨੂੰ ਹੁਣ ਮੂਲ ਮੰਤਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਪ ਦੇ ਸਮਕਾਲੀ ਚਿੰਤਕ ਜੈਨੀ, ਬੋਧੀ ਤੇ ਸਾਂਖ ਸ਼ਾਸਤਰੀ ਪ੍ਰਭੂ-ਪਿਤਾ ਦੀ ਹਸਤੀ ਨੂੰ ਹੀ ਨਹੀਂ ਸੀ ਮੰਨਦੇ। ਵੇਦਕ ਕਰਮ ਕਾਂਡੀ (ਪੂਰਬ ਮੀਮਾਂਸਾ) ਕਰਮ-ਧਰਮ ਤੇ ਦਵੀ-ਦੇਵਤਿਆਂ ਦੀ ਪੂਜਾ ਵਿਚ ਹੀ ਉਲਝੇ ਹੋਏ ਸਨ। ਨਿਯਾਯ ਅਤੇ ਵੈਸ਼ੇਸ਼ਕ ਸ਼ਾਸਤਰੀ ਨਿਰੰਕਾਰ ਨੂੰ ਸ੍ਰਿਸ਼ਟੀ ਦਾ ਕਰਤਾ ਨਹੀਂ ਸੀ ਮੰਨਦੇ। ਮੁਸਲਮਾਨ ਅੱਲ੍ਹਾ ਨੂੰ ਨਿਰਗੁਣ ਤੇ ਬਹਿਸ਼ਤ ਵਿਚ ਬੈਠਾ ਕਿਸੇ ਹਾਕਮ ਵਾਂਗ ਹਸਤੀ ਮੰਨਦੇ ਸਨ। ਉਸਦੇ ਸਰਬ-ਵਿਆਪੀ ਹੋਣ ਦੀ ਗੱਲ ਅਜੇ ਉਹਨਾਂ ਦੀ ਸੋਚ ਤੋਂ ਬਾਹਰੀ ਸੀ। ਵੇਦਾਂਤੀਏ ਭੀ ਸਾਂਖ ਦੇ ਪੁਰਸ਼-ਪ੍ਰਕ੍ਰਿਤੀ ਫ਼ਾਰਮੂਲੇ ਵਿਚ ਉਲਝੇ ਲਗਦੇ ਸਨ, ਭਾਵੇਂ ਉਹਨਾਂ ਨੂੰ ਬੋਧਿਕ ਤੌਰ ਤੇ ਇਹ ਨਿਸਚਾ ਹੋ ਗਿਆ ਸੀ ਕਿ "ਮੈਂ ਭੀ ਉਹੀ ਪਰਮ ਹਸਤੀ ਹਾਂ" ਅਹੰਮ ਬ੍ਰਹਮ ਅਸਮੀ, ਤਤ ਤਵਮ ('ਤੂੰ ਭੀ ਉਹੀ ਹੈਂ ਤੇ ਮੈਂ ਭੀ ਉਹੀ ਹਾਂ')। ਰਿਗਵੇਦ ਦਾ ਵਿਸ਼ਨੂ, ਜੋ ਉਦੋਂ ਇੰਦਰ ਦੇਵਤੇ ਨਾਲੋਂ ਦਰਜੇ ਵਿਚ ਛੋਟਾ ਮੰਨਿਆ ਜਾਂਦਾ ਸੀ, ਸਮਾਂ ਪਾ ਕੇ ਵੇਦਾਂਤ ਸਮੇਂ, ਅਤੇ ਮਗਰੋਂ ਗੀਤਾ ਸਮੇਂ 'ਰਾਮ' ਤੇ 'ਕ੍ਰਿਸ਼ਨ' ਅਵਤਾਰਾਂ ਦੇ ਰੂਪ ਵਿਚ ਮੁਖ ਭਗਵਾਨ ਬਣ ਜਾਂਦਾ ਹੈ। ਤਾਂ ਹੀ ਤੇ ਦਸਮੇਸ਼ ਜੀ ਨੂੰ ਇਹ ਕਹਿਣਾ ਪਿਆ :–

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ, ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁੱਧ ਸੁਧਾਦਿਕ, ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ, ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥ (ਸਵਯੇ ਪਾ: ੧੦)

ਇਸ ਲਈ ਸਮਕਾਲੀ ਸੋਚ-ਮੰਡਲਾਂ ਦੀ ਵਿਚਾਰਧਾਰਾ ਦੇ ਟਾਕਰੇ ਤੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਐਲਾਨ ਕੀਤਾ ਗਿਆ–

ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ਰਹਾਉ॥ (ਆਸਾ ਮ: ੧, ਪੰਨਾ ੩੫੦)
ਪ੍ਰਭੁ ਨੇੜੈ, ਹਰਿ ਦੂਰਿ ਨ ਜਾਣਹੁ, ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕੁ ਸਮਾਈ ॥੫॥
(ਰਾਮਕਲੀ ਦਖਣੀ ਓਕਾਰ, ਪੰਨਾ ੯੩੦)

ਪੁਰਸ਼-ਪ੍ਰਕ੍ਰਿਤੀ ਦਾ ਜੋ ਰੇੜਕਾ ਹੁਣ ਤਕ ਪਿਆ ਹੋਇਆ ਹੈ, ਉਸ ਨੂੰ ਇਉਂ ਨਿਬੇੜਿਆ ਹੈ। ਨਯਾਯ ਤੇ ਵਿਸ਼ੇਸ਼ਕ ਦਾ ਭੀ ਉਤਰ ਦਿਤਾ ਹੈ–

ਤੂੰ ਕਰਤਾ ਪੁਰਖੁ ਅਗੰਮੁ ਹੈ, ਆਪਿ ਸ੍ਰਿਸਟਿ ਉਪਾਤੀ ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਐ, ਸਭੁ ਖੇਲੁ ਤੁਮਾਤੀ ॥......
(ਵਾਰ ਮਾਝ, ਪੰਨਾ ੧੩੮)

ਸਿਵ ਸਕਤਿ ਆਪਿ ਉਪਾਇ ਕੈ, ਕਰਤਾ ਆਪੇ ਹੁਕਮੁ ਵਰਤਾਏ ॥
(ਪੁਰਖ ਪ੍ਰਕ੍ਰਿਤੀ) (ਰਾਮਕਲੀ ਅਨੰਦ ਮ: ੩, ਪੰਨਾ ੯੨੦)


www.AKJ.Org

ਉਸ ਬੇਅੰਤ ਸਾਹਿਬ ਦੇ ਹੁਕਮ ਅੰਦਰ ਸਾਰੇ ਦੇਵੀ ਦੇਵਤੇ ਕੰਮ ਕਰਦੇ ਹਨ—

ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥
(ਰਾਮਕਲੀ ਮ: ੫, ਪੰਨਾ ੮੯੪)

ਪੁਨਾ :— ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥ ਊਭੇ ਸੇਵਹਿ ਅਲਖ ਅਪਾਰੈ ॥
ਹੋਰ ਕੇਤੀ ਦਰਿ ਦੀਸੈ ਬਿਲਲਾਦੀ, ਮੈ ਗਣਤ ਨ ਆਵੈ ਕਾਈ ਹੇ ॥੧੪॥
(ਮਾਰੂ ਸੋਲਹੇ ਮ: ੧, ਪੰਨਾ ੧੦੨੨)

ਇਥੇ ਸਤਿਗੁਰੂ ਜੀ ਅਕਾਲ ਪੁਰਖ ਦੇ ਹਜ਼ੂਰ ਵਿਚ ਵਰਤ ਰਹੇ ਨਜ਼ਾਰੇ ਵਲ ਸੰਕੇਤ ਕਰ ਰਹੇ ਹਨ ਕਿ ਉਸ ਦੇ ਦਰ ਤੇ ਹੋਰ ਅਨੇਕਾਂ ਹਨ ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ।

ਇਸਲਾਮੀ ਵਿਚਾਰਧਾਰਾ ਤਾਂ ਮੰਨਦੀ ਹੈ ਕਿ ਉਸ ਨੇ ਇਕੇਰਾਂ ਸ੍ਰਿਸ਼ਟੀ ਸਾਜ ਦਿਤੀ ਤੇ ਫਿਰ ਇਕ ਕੋਨੇ ਵਿਚ ਬੈਠਾ ਹੈ। ਫਿਰ ਕਿਆਮਤ ਦੇ ਦਿਨ ਸਭ ਨਾਲ ਲੇਖਾ ਕਰੇਗਾ। ਪਰ ਗੁਰਮਤਿ ਦਾ ਫ਼ੁਰਮਾਨ ਹੈ ਕਿ ਸ੍ਰਿਸ਼ਟੀ ਦੀ ਹਰਿ ਪ੍ਰਕਾਰ ਦੀ ਹਰਕਤ ਵਿਚ ਉਹ ਆਪ ਹੈ—

ਸਭੇ ਸੁਰਤੀ, ਜੋਗ ਸਭਿ ਸਭੇ ਬੇਦ ਪੁਰਾਣ ॥
ਸਭੇ ਕਰਣੇ, ਤਪ ਸਭਿ, ਸਭੇ ਗੀਤ ਗਿਆਨ ॥...
ਸਭੇ ਪੁਰੀਆ, ਖੰਡ ਸਭਿ, ਸਭੇ ਜੀਅ ਜਹਾਨ ॥
ਹੁਕਮਿ ਚਲਾਏ ਆਪਣੈ, ਕਰਮੀ ਵਹੈ ਕਲਾਮ ॥
ਨਾਨਕ ਸਚਾ, ਸਚਿ ਨਾਇ, ਸਚੁ ਸਭਾ ਦੀਬਾਨ ॥੨॥੯॥
(ਸਾਰੰਗ ਕੀ ਵਾਰ, ਮ: ੧, ਪੰਨਾ ੧੨੪੧)

ਮੁਕਦੀ ਗੱਲ ਇਹ ਹੈ ਕਿ ਹਿੰਦੂ ਧਰਮ-ਚਿੰਤਕਾਂ ਵਿਚ ਪਰਮੇਸ਼ਰ ਸੰਬੰਧੀ ਅਜੇ ਤਕ ਕਿਸੇ ਵੀ ਸਪਸ਼ਟ ਵਿਚਾਰ ਨੂੰ ਅਪਣਾਇਆ ਨਹੀਂ ਜਾ ਸਕਿਆ। ਕਾਰਨ ਇਹ ਜਾਪਦਾ ਹੈ ਕਿ ਜਿਤਨਾ ਚਿਰ ਵੇਦਾਂ ਨੂੰ ਪਰਮਾਣੀਕ ਮੰਨਿਆ ਜਾਂਦਾ ਰਹੇਗਾ, ਉਤਨਾ ਚਿਰ ਬਹੁ-ਦੇਵਤਿਆਂ ਦੀ ਪੂਜਾ ਦਾ ਵਿਧਾਨ ਕਾਇਮ ਰਹੇਗਾ। ੧੮ ਪੁਰਾਣਾਂ ਦੀਆਂ ਕਥਾ-ਕਹਾਣੀਆਂ, ੬੫ ਉਪਨਿਸ਼ਦਾਂ, ਛੇ ਸ਼ਾਸਤਰਾਂ ਆਦਿ ਵਿਚ ਜੋ ਧਾਰਮਿਕ ਫ਼ਲਸਫ਼ਾ ਹੈ, ਉਸ ਦਾ ਹੁਣ ਤਕ ਭਾਰਤੀ ਬੁੱਧੀ-ਜੀਵੀ ਠੀਕ ਤਰ੍ਹਾਂ ਮਥਨ ਨਹੀਂ ਕਰ ਸਕੇ। ਆਮ ਸਾਧਾਰਨ ਮਨੁੱਖ ਤਾਂ ਇਹਨਾਂ ਵਿਚ ਦਰਜ ਭਾਂਤ ਭਾਂਤ ਦੀਆਂ ਵਿਚਾਰਾਂ ਸੁਣ ਕੇ ਘਬਰਾ ਹੀ ਜਾਂਦਾ ਹੈ ਕਿ ਕੀ ਇਹ ਧਰਮ ਹੈ ਜਾਂ ਨਿਰਾ ਜੰਜਾਲ ? ਇਸ ਲਈ ਉਹ ਲੰਮੀਆਂ ਵਿਚਾਰਾਂ ਛੱਡ ਕੇ ਕਿਸੇ ਨ ਕਿਸੇ ਦੇਵਤੇ ਜਾਂ ਦੇਵੀ ਦੀ ਪੂਜਾ ਕਰਨ ਜ਼ਿਆਦਾ ਚੰਗਾ ਸਮਝਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਧਰਮ ਦੀ ਇਸ ਭੁਲ-ਭੁਲਈ ਨੂੰ ਚੰਗੀ ਤਰ੍ਹਾਂ ਵੇਖ ਲਿਆ ਸੀ ਕਿ ਇਸ ਵਿਚ ਜੋ ਜਗਿਆਸੂ ਇਕ ਵਾਰੀ ਉਲਝ ਜਾਂਦਾ ਹੈ, ਉਹ ਨਿਕਲਦਾ ਨਹੀਂ। ਆਚਾਰੀਆ ਸ਼ੰਕਰ ਤੇ ਉਸਦਾ ਗੁਰੂ ਗੌੜਪਾਂਦ ਵਰਗੇ ਜਦੋਂ ਇਸ ਵਿਚੋਂ ਲੰਘ ਕੇ ਬਾਹਰ ਆਏ ਤਾਂ ਉਹ ਇਹੋ ਕਹਿੰਦੇ ਸੁਣੇ ਕਿ ਇਹ ਮਾਇਆ ਜਾਲ ਹੈ, ਇਸ ਬਾਰੇ ਅਸੀਂ ਕੁਝ ਵੀ ਨਹੀਂ ਕਹਿ ਸਕਦੇ। ਭਾਵ, ਐਸੇ ਐਸੇ ਬੁਧੀਵਾਨ ਭੀ ਪੁਰਸ਼-ਪ੍ਰਕ੍ਰਿਤੀ ਦੀ ਫ਼ਿਲਾਸਫ਼ੀ ਨੂੰ ਨਹੀਂ ਛੱਡ ਸਕੇ, ਭਾਵੇਂ ਵਿਦਾਂਤੀਏ ਇਹਨਾਂ ਮਹਾਂਪੁਰਸ਼ਾਂ ਨੂੰ ਨਿਰਗੁਣ ਬ੍ਰਹਮ ਦੇ ਸੰਕਲਪ ਦੇ ਸਭ ਤੋਂ ਵਧ ਚਮਕਦੇ ਸਿਤਾਰੇ ਮੰਨਦੇ ਹਨ। ਇਸ ਦਾ ਅਸਰ ਇਹ ਹੋਇਆ ਕਿ ਇਹਨਾਂ ਮਹਾਂਪੁਰਖਾਂ ਦੇ ਮਗਰ ਬਹੁਤ ਹੀ ਥੋੜੇ ਲੋਗ ਤੁਰੇ, ਅਤੇ ਜੋ ਭੀ ਇਹਨਾਂ ਪਿੱਛੇ ਚਲੇ, ਉਹ ਗੇਰੂਏ ਬਸਤਰ ਪਹਿਨ ਕੇ ਸੰਸਾਰ ਛੱਡ ਕੇ 'ਅਹੰਬ੍ਰਹਮ ਅਸਮੀ' 'ਮੈਂ ਹੀ ਰੱਬ ਹਾਂ' ਦੇ ਜਾਪ ਵਿਚ ਮਸਤ ਹੋ ਬੈਠੇ।


www.AKJ.Org

ਆਮ ਸਾਧਾਰਨ ਜਨਤਾ ਨੂੰ ਬੁੱਤ-ਪੂਜਾ ਜਾਂ ਪ੍ਰਕ੍ਰਿਤੀ-ਪੂਜਾ ਤੋਂ ਕੌਣ ਵਰਜਦਾ। ਬ੍ਰਾਹਮਣ ਧਾਰਮਕ ਗਾਈਡ ਬਣ ਹੀ ਚੁਕਾ ਸੀ, ਉਸ ਨੇ ਸਮੁਚੀ ਭਾਰਤੀ ਜਨਤਾ ਨੂੰ ਕਰਮ-ਕਾਂਡੀ ਧਰਮ ਦੇ ਰਾਹੇ ਪਾ ਲਿਆ ਹੋਇਆ ਹੈ। ਅਜ ਤਕ ਕਿਸੇ ਹਿੰਦੂ ਦੀ ਜੁਰਅਤ ਨਹੀਂ ਕਿ ਉਹ ਬ੍ਰਾਹਮਣ ਦੇ ਇਸ ਫੋਕਟ ਕਰਮ-ਧਰਮ ਨੂੰ ਠੁਕਰਾ ਕੇ ਕੇਵਲ ਇਕ ਅਕਾਲ ਦੀ ਪੂਜਾ ਕਰੇ। ਗੁਰਮਤਿ ਦੀ ਵਿਲੱਖਣਤਾ ਹੀ ਇਹੋ ਹੈ :-

ਪਾਂਇ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀ ਆਨਯੋ।
ਰਾਮ, ਰਹੀਮ, ਪੁਰਾਨ, ਕੁਰਾਨ, ਅਨੇਕ ਕਹੈਂ ਮਤ, ਏਕ ਨ ਮਾਨਯੋ।
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ, ਬਹੁ ਭੇਦ ਕਹੈਂ, ਹਮ ਏਕ ਨ ਜਾਨਯੋ।......
(ਸ੍ਵਯਾ ਸ੍ਰੀ ਮੁਖ ਵਾਕ ਪਾ: ੧੦)

ਗੁਰਮਤਿ ਦੀ ਇਹੋ ਗੌਰਵਤਾ ਹੈ ਕਿ ਇਕ ਅਕਾਲ ਪੁਰਖ ਤੋਂ ਬਿਨਾਂ ਉਸ ਨੇ ਕਿਸੇ ਹੋਰ ਅਗੇ ਸਿਰ ਝੁਕਾਣ ਲਈ ਨਹੀਂ ਪ੍ਰੇਰਿਆ। 'ਹਮਰਾ ਠਾਕੁਰੁ ਸਭ ਤੇ ਊਚਾ' (੪੦੪) ਕਹਿ ਕੇ ਜਗਿਆਸੂ ਦੇ ਮਨ ਵਿਚ ਇਕ ਉਚੇਰੇ ਕਿਸਮ ਦਾ ਸਵੈ-ਭਰੋਸਾ (self confidence) ਤੇ ਅਕਾਲ-ਭਰੋਸਾ (trust in God Almighty) ਪੈਦਾ ਕੀਤਾ ਹੈ। ਤੇ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਪ੍ਰਭੂ-ਪਿਤਾ ਸਦਾ ਹੀ ਆਪਣੇ ਭਗਤ ਦੇ ਅੰਗ ਸੰਗ ਰਹਿੰਦਾ ਹੈ। ਦੂਕਾਲੰ ਪ੍ਰਣਾਸੀ, ਦਿਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥ (ਜਾਪੁ ਸ੍ਰੀ ਮੁਖ ਵਾਕ ਪਾ: ੧੦)

–ਭਗਤ ਜਨਾਂ ਕੀ ਪੈਜ ਹਰਿ ਰਾਖੈ, ਜਨ ਨਾਨਕ ਆਪਿ ਹਰਿ ਕ੍ਰਿਪਾ ਕਰੇ ॥ (੧੩੨੧)
–ਨਾਨਕ ਕਹਤ ਭਗਤ ਰਛਕ ਹਰਿ, ਨਿਕਟਿ ਤਾਹਿ ਤੁਮ ਜਾਨਹੁ ॥ (੮੩੦)
–ਆਪਣਿਆਂ ਭਗਤਾ ਕੀ ਰਖ ਕਰੇ ਹਰਿ ਸੁਆਮੀ, ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥(੩੦੮

ਉਹ ਸਤਿ ਸਰੂਪ ਹੈ, ਨਾਮ ਸਰੂਪ ਹੈ, ਸ੍ਰਿਸ਼ਟੀ ਦਾ ਕਰਤਾ ਹੈ, ਪਰਮ ਪੁਰਖ ਹੈ, ਨਿਰਭਉ ਤੇ ਨਿਰਵੈਰ ਹੈ, ਜਨਮ ਮਰਨ ਤੋਂ ਰਹਿਤ ਹੈ, ਉਹ ਸੁਤੇ-ਪ੍ਰਕਾਸ਼ ਹੈ, (ਆਪੀਨੈ ਆਪੁ ਸਾਜਿਓ)...।

ਇਉਂ ਜਿਨ੍ਹਾਂ ਜਿਨ੍ਹਾਂ ਨੇ ਸ੍ਰੀ ਗੁਰੂ ਸਾਹਿਬਾਨ ਤੇ ਆਪਣਾ ਈਮਾਨ ਲਿਆਂਦਾ, ਉਹਨਾਂ ਨੇ ਫੋਕਟ ਕਰਮ ਧਰਮ ਦਾ ਰਾਹ ਛੱਡ ਦਿਤਾ ਤੇ ਕੇਵਲ ਇਕ ਅਕਾਲ ਪੁਰਖ ਦੀ ਬੰਦਗੀ ਵਿਚ ਜੁਟ ਗਏ–

ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥੧੯॥
ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ ..॥੨੦॥
(ਬਚਿਤ੍ਰ ਨਾਟਕ, ਪਾ: ੧੦, ਅਧਿ: ੬)

---

ਇਹ ਗੱਲ ਤੁਰੰਤ ਮੰਨਣੀ ਪਵੇਗੀ ਕਿ ਮਨੁਖ ਦੀ ਰੋਟੀ ਦੀ ਸਮੱਸਿਆ ਮਨੁਖ ਦੀ ਰੂਹਾਨੀ ਚੇਤਨਾ ਦੇ ਅੰਦਰ ਸਦਾਚਾਰਕ ਨਿਯਮਾਂ ਦੇ ਅਧਾਰ ਤੇ ਵਡੇ ਪੈਮਾਨੇ ਤੇ ਹੱਲ ਕੀਤੀ ਜਾਣੀ ਚਾਹੀਦੀ ਹੈ ਅਤੇ ਉਸ ਅਣ-ਮਿਥੇ ਆਦਰਸ਼ ਰਾਜ ਦੀ ਸਥਾਪਨਾ ਅਜੇ ਹੋਣੀ ਹੈ, ਜਿਸ ਵਿਚ ਮਨੁਖ ਦੀਆਂ ਲਾਜ਼ਮੀ ਸਰੀਰਕ ਲੋੜਾਂ, ਜੋ ਮਨੁਖ ਦੇ ਸਰੀਰ ਨੂੰ ਵਿਗਸਦਿਆਂ ਰਖਣ ਲਈ, ਹਰ ਇਕ ਨੂੰ ਇਕੋ ਜਿਹੀਆਂ ਮੁਹੱਈਆ ਕੀਤੀਆਂ ਜਾਣ।

ਇਤਿਹਾਸ ਵਿਚ ਗੁਰੂ ਸਾਹਿਬਾਂ ਨੇ ਅਜਿਹਾ ਇਕ ਵਾਰੀ ਕੀਤਾ ਸੀ, ਉਹ ਕਿਸ ਤਰ੍ਹਾਂ? ਉਨ੍ਹਾਂ ਸਰਬ-ਸਮਰੱਥ ਰੱਬੀ ਪੁਰਖ, ਜੋ ਸਾਰਿਆਂ ਦਾ ਮਹਿਬੂਬ ਸੀ, ਜੋ ਤੀਬਰ ਤੇ ਰੂਹਾਨੀ ਸਵੈ-ਤਿਆਗ ਦੀ ਭਾਵਨਾ ਨਾਲ ਡੁਲ੍ਹਦਾ, ਕੇਂਦਰ ਵਿਚ ਬਿਰਾਜਮਾਨ ਸੀ, ਦੇ ਅਧੀਨ ਅਜਿਹੀ ਇਕ ਜਮਹੂਰੀਅਤ ਕਾਇਮ ਕੀਤੀ ਸੀ। ਪ੍ਰੋ: ਪੂਰਨ ਸਿੰਘ–ਜਿਨ ਕੇ ਚੋਲੇ ਰੱਤੜੇ, ਪੰਨਾ 27



www.AKJ.Org

# ਜੀਵਨ-ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

## (੫)

ਡਾਕਟਰ ਸੁਰਿੰਦਰ ਸਿੰਘ ਜੀ ਦੇ ਜੀਵਨ ਬਾਰੇ ਸ: ਗੁਰਬਖਸ਼ ਸਿੰਘ, ੩-ਨਿਊ ਟੇਲਰਜ਼ ਮਾਰਕੀਟ, ਬੈਰਿਡ ਰੋਡ, ਨਵੀਂ ਦਿਲੀ ਨੇ, ਉਨ੍ਹਾਂ ਪ੍ਰਤੀ ਆਪਣੀ ਸ਼ਰਧਾ-ਮਈ ਪੁਸ਼ਪ-ਮਾਲਾ ਭੇਟ ਕੀਤੀ ਹੈ। —ਸੰਪਾਦਕ

ਲਗਿ ਲਗਿ ਪ੍ਰੀਤਿ ਬਹੁ ਪ੍ਰੀਤਿ ਲਗਾਈ ਲਗਿ ਸਾਧੂ ਸੰਗ ਸਵਾਰੇ ॥
ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ ਮੇਰੇ ਠਾਕੁਰ ਬਹੁਤ ਪਿਆਰੇ ॥

ਜ਼ਿੰਦਗੀ ਇਕ ਚਲਦੀ ਫਿਰਦੀ ਸਰਾਂ ਏ, ਜਿੱਥੇ ਹਰ ਮਨੁੱਖ ਨੂੰ ਕਿਸੇ ਨਾ ਕਿਸੇ ਚੀਜ਼ ਦੀ ਹਰ ਪੜਾਅ ਤੇ ਭਾਲ ਰਹਿੰਦੀ ਏ। ਭਾਵੇਂ ਅੱਜ ਕਲ੍ਹ ਬਹੁਤ ਘੱਟ ਹੀ ਸੱਜਣ-ਮਿੱਤਰ ਅਜਿਹੇ ਮਿਲਦੇ ਹਨ ਜਿਨ੍ਹਾਂ ਦੇ ਮਿਲਾਪ ਨਾਲ, ਨੇੜਤਾ ਨਾਲ, ਬੰਦੇ ਦੀ ਰੂਹ ਵਿਚੋਂ ਇਕ ਅੰਮ੍ਰਿਤ ਸਿੰਮਣਾ ਸ਼ੁਰੂ ਹੋ ਜਾਂਦਾ ਏ ਤੇ ਜਿਉਂ ਜਿਉਂ ਦੋ ਰੂਹਾਂ ਦੀ ਸਾਂਝ ਵੱਧਦੀ ਏ, ਮਨ ਦੀ ਤਾਂਘ ਤੇ ਲਾਲਸਾ ਇਕ ਅਟੁਟ ਜੋੜ, ਲਈ ਹੋਰ ਵੀ ਜ਼ਿਆਦਾ ਤੀਖਰ ਹੁੰਦੀ ਜਾਂਦੀ ਏ। ਕਈ ਮੋੜਾਂ ਤੇ, ਕਈ ਰਾਹਾਂ ਤੇ ਬੰਦਾ ਐਸੇ ਸੁਹਿਰਦ ਪੁਰਸ਼ਾਂ ਨੂੰ ਗੋਲਦਾ ਏ ਕਿ ਖ਼ੁੱਦ-ਬੱਖੁਦ ਉਸ ਦੇ ਅੰਦਰ ਉਹਨਾਂ ਪੁਰਖਾਂ ਨੂੰ ਹੋਰ ਨਜ਼ਦੀਕੀ ਤੋਂ ਤੱਕਣ ਲਈ ਇਕ ਖ਼ਾਹਿਸ਼ ਪੈਦਾ ਹੁੰਦੀ ੲ। ਤੇ ਇਹੋ ਜਿਹੀ ਹੀ ਇਕ ਮੁਲਾਕਾਤ ਮੇਰੀ ਉਹਨਾਂ ਮਹਾਂਪੁਰਖਾਂ ਨਾਲ ਹੋਈ ਜਿਨ੍ਹਾਂ ਦਾ ਕੁਝ ਕੁ ਅਰਸੇ ਦਾ ਸਾਥ ਜ਼ਿੰਦਗੀ ਵਿਚ ਬਹੁਤ ਵੱਡੀ ਯਾਦਗਾਰ ਬਣ ਕੇ ਰਹਿ ਗਈ। ਉਹ ਮਹਾਂਪੁਰਖ, ਜੋ ਕਿ ਅਕਸਰ ਬਾਬਾ ਜੀ ਕਰ ਕੇ ਜਾਣੇ ਜਾਂਦੇ ਸਨ।

ਆਪਣੀ ਦੁਕਾਨ ਦੇ ਸਾਹਮਣੇ ਹੈਂਡ-ਪੰਪ ਤੋਂ ਪਾਣੀ ਪੀਂਦਿਆਂ ਕਈ ਦਿਨ ਮੈਂ ਇਕ ਬਜ਼ੁਰਗ ਸੱਜਣਾਂ ਨੂੰ ਵੇਂਹਦਾ ਰਿਹਾ। ਉਹਨਾਂ ਵਿਚ ਮੈਨੂੰ ਬੜੀ ਖਿੱਚ ਮਹਿਸੂਸ ਹੋਣ ਲਗੀ। ਤੇ ਮੈਂ ਉਹਨਾਂ ਸੱਜਣਾਂ ਨੂੰ ਦੂਰੋਂ ਹੀ ਬੜੇ ਸਨੇਹ ਤੇ ਗੌਰ ਨਾਲ ਵੇਖਣ ਲਗਾ। ਉਹਨਾਂ ਦੇ ਚਿਹਰੇ ਤੇ ਇਕ ਨੂਰ ਸੀ, ਇਕ ਅਲੌਕਿਕ ਖਿੱਚ ਸੀ। ਉਹ ਮਹਾਂਪੁਰਖ ਤਕਰੀਬਨ ਹਰ ਰੋਜ਼ ਹੀ ਬੰਗਲਾ ਸਾਹਿਬ ਰੋਡ ਤੇ ਲਗੇ ਹੈਂਡ ਪੰਪ ਤੋਂ ਲੰਘਦਿਆਂ ਪਾਣੀ ਪੀਂਦੇ ਤੇ ਫਿਰ ਜਿਵੇਂ ਚੌਗਿਰਦੇ ਤੋਂ ਬੇਖ਼ਬਰ ਹੀ ਹੌਲੀ ਹੌਲੀ ਤੁਰ ਜਾਂਦੇ। ਕਿੰਨੀ ਦੂਰ ਤਕ ਮੇਰੀ ਰੂਹ ਦੀ ਕਲਪਣਾ, ਮੇਰੀਆਂ ਨਜ਼ਰਾਂ ਉਹਨਾਂ ਦਾ ਪਿੱਛਾ ਕਰਦੀਆਂ ਰਹਿੰਦੀਆਂ। ਇਕ ਦਿਨ ਉਹਨਾਂ ਨੂੰ ਬੁਲਾਉਣ ਲਈ ਮੇਰਾ ਜੀਅ ਇੰਨਾ ਉਤਾਵਲਾ ਤੇ ਬੇਤਾਬ ਹੋ ਗਿਆ ਕਿ ਮੈਥੋਂ ਜਿਵੇਂ ਰਿਹਾ ਜਿਹਾ ਨਾ ਗਿਆ, ਤਾਂ ਮੈਂ ਆਪਣੇ ਲੜਕੇ ਨੂੰ ਕਿਹਾ ਕਿ ਨਲਕੇ ਤੋਂ ਜਾ ਕੇ ਮਹਾਂਪੁਰਖਾਂ ਨੂੰ ਬੜੀ ਨਿਮਰਤਾ ਨਾਲ ਫਤਹ ਬੁਲਾਓ ਤੇ ਆਪਣੀ ਦੁਕਾਨ ਤੇ ਚਰਨ ਪਾਉਣ ਲਈ ਕਹੋ। ਮਹਾਂਪੁਰਖਾਂ ਨੇ ਸਾਡੀ ਤੁੱਛ ਬੇਨਤੀ ਪ੍ਰਵਾਨ ਕੀਤੀ ਤੇ ਉਂਧੀ ਪਾਈ ਦੁਕਾਨ ਤੇ ਆ ਗਏ। ਮੇਰੀ ਨਿੱਕੀ ਜਿਹੀ ਦੁਕਾਨ ਅੰਦਰ ਬਾਬਾ ਜੀ ਮੇਰੀ ਮਸ਼ੀਨ ਦੇ ਸਾਹਮਣੇ ਡੱਠੇ ਛੋਟੇ ਜਿਹੇ ਬੈਂਚ ਤੇ ਆ ਬਿਰਾਜੇ। ਮੇਰੀ ਰੂਹ ਨੇ ਰੱਜ ਕੇ ਉਸ ਹਸਤੀ ਨੂੰ ਨਿਹਾਰਿਆ। ਉਹਨਾਂ ਦਾ ਸ਼ਾਂਤਮਈ ਗੁਲਾਬੀ ਚਿਹਰਾ, ਮੋਤੀਆ ਰੰਗ ਦਾ ਦਾੜ੍ਹਾ, ਚਿੱਟੀ ਗੋਲ ਦਸਤਾਰ, ਲੰਮਾ ਖੱਦਰ ਦਾ ਕੁੜਤਾ, ਕਛਹਿਰਾ, ਪੈਰੀਂ ਜੇਮ ਦੀ ਚੜ੍ਹਾਵੀਂ ਜੁੱਤੀ ਤੇ ਮੋਢੇ ਤੇ ਲਟਕਦੀ ਇਕ ਘੁਸਮੈਲੀ ਛੋਟੀ ਜਿਹੀ ਥੈਲੀ ਉਹਨਾਂ ਨੂੰ ਇੰਨੀ ਫੱਬਦੀ ਸੀ ਕਿ ਮੇਰੇ ਖ਼ਿਆਲ ਵਿਚ ਜੋ ਵੀ ਕੋਈ ਇਸ ਅਜ਼ੀਜ਼ ਸ਼ਖਸੀਅਤ ਨੂੰ ਤੱਕਦਾ ਹੋਵੇਗਾ ਤਾਂ ਜ਼ਰੂਰ ਹੀ ਉਹਨਾਂ ਵਲ ਖਿੱਚਿਆ ਜਾਂਦਾ ਹੋਵੇਗਾ। ਸੰਖੇਪ ਜਿਹਾ ਵਾਰਤਾਲਾਪ ਹੋਇਆ। ਚਾਹ ਪੀਣ ਲਈ ਜਦੋਂ ਮੈਂ ਮਹਾਂਪੁਰਖਾਂ ਨੂੰ ਅਰਜ਼ ਕੀਤੀ ਤਾਂ ਪਤਾ ਲਗਾ ਕਿ ਉਹ ਬਜ਼ਾਰੀ ਚੀਜ਼ਾਂ ਨਹੀਂ ਖਾਂਦੇ। ਤਦ ਮੇਰੇ ਲੜਕੇ ਨੇ ਦੁਕਾਨ ਤੇ ਹੀ ਚਾਹ ਬਣਾ ਕੇ ਉਹਨਾਂ ਨੂੰ ਛਕਾਈ। ਉਹ ਬੜੇ ਪ੍ਰਸੰਨ ਦਿਖਾਈ ਦਿਤੇ ਤਾਂ ਮੇਰੀ ਚਾਹਤ ਨੂੰ ਹੋਰ ਕੁਝ ਮੋਕਲਾਪਣ ਮਿਲਿਆ। ਮੈਂ ਬਾਬਾ ਜੀ ਨੂੰ ਮੁੜ ਅਰਜ਼ ਕੀਤੀ



www.AKJ.Org

ਕਿ ਜਦੋਂ ਕਦੇ ਵੀ ਹੋ ਸਕੇ, ਉਹ ਜ਼ਰੂਰ ਸਾਡੇ ਕੋਲੋਂ ਹੋ ਕੇ ਜਾਇਆ ਕਰਨ ਤੇ ਇਸ ਤੋਂ ਬਾਅਦ ਜਦੋਂ ਕਦੇ ਵੀ ਉਹ ਦਿੱਲੀ ਵਿਚ ਹੁੰਦੇ ਤਾਂ ਚਾਰ ਕੁ ਵਜੇ ਉਹ ਰੋਜ਼ਾਨਾ ਦੁਕਾਨ ਤੇ ਆਉਂਦੇ। ਮੇਰਾ ਲੜਕਾ ਬੜੇ ਚਾਅ ਨਾਲ ਉਹਨਾਂ ਲਈ ਹੱਥੀਂ ਚਾਹ ਬਣਾਉਂਦਾ। ਇਸ ਦਰਮਿਆਨ ਬਾਬਾ ਜੀ ਨਾਲ ਕਾਫ਼ੀ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲਦਾ। ਉਹਨਾਂ ਦੀ ਸੰਗਤ ਨਾਲ ਕਈ ਤਰ੍ਹਾਂ ਦੀਆਂ ਗੱਲਾਂ ਦਾ ਪਤਾ ਲਗਦਾ। ਕਈ ਤਰ੍ਹਾਂ ਦਾ ਗਿਆਨ ਪ੍ਰਾਪਤ ਹੁੰਦਾ।

ਪਤਾ ਲਗਾ ਕਿ ਲੋਕ ਅਕਸਰ ਉਹਨਾਂ ਮਹਾਂਪੁਰਖਾਂ ਨੂੰ ਬਾਬਾ ਜੀ ਕਰਕੇ ਹੀ ਬੁਲਾਉਂਦੇ ਸਨ। ਬਾਬਾ ਜੀ ਇਕ ਮਹਾਨ ਹਸਤੀ ਸਨ। ਮੈਨੂੰ ਉਹਨਾਂ ਦੇ ਜੀਵਨ ਬਾਰੇ ਜਦੋਂ ਵੀ ਕੁਝ ਪਤਾ ਲਗਾ ਤਾਂ ਮੈਨੂੰ ਅਕਸਰ ਹੈਰਾਨੀ ਹੋਈ। ਉਹ ਤਿਆਗੀ ਪੁਰਖ ਇਕ ਰਈਸ ਘਰਾਣੇ ਨਾਲ ਸੰਬੰਧ ਰਖਦੇ ਸਨ। ਉਹਨਾਂ ਦਾ ਬਚਪਨ ਬੜੀ ਠਾਠ-ਬਾਠ ਨਾਲ ਗੁਜ਼ਰਿਆ ਸੀ। ਬਹੁਤ ਸਾਰੀ ਤਾਲੀਮ ਹਾਸਿਲ ਕੀਤੀ ਸੀ ਤੇ ਡਾਕਟਰੀ-ਵਿਦਿਆ ਵੀ ਕਾਫ਼ੀ ਜਾਣਦੇ ਸਨ। ਬਾਅਦ ਵਿਚ ਇਹ ਵੀ ਪਤਾ ਚਲਿਆ ਕਿ ਉਹ ਡਾਕਟਰ ਸੁਰਿੰਦਰ ਸਿੰਘ ਕਰਕੇ ਵੀ ਜਾਣੇ ਜਾਂਦੇ ਸਨ। ਜਦੋਂ ਕਦੇ ਵੀ ਉਹ ਸਾਡੇ ਕੋਲ ਹੁੰਦੇ, ਉਹ ਸਾਨੂੰ ਹਰ ਵਿਸ਼ੇ ਤੇਂ ਗਿਆਨ ਦੇਂਦੇ। ਜੀਵਨ ਦੇ ਹਰ ਪਹਿਲੂ ਦੀ ਉਹ ਪੂਰੀ ਪੂਰੀ ਸੂਝ ਰਖਦੇ ਸਨ। ਸਾਨੂੰ ਅਲੱਗ ਅਲੱਗ ਰੋਗਾਂ ਬਾਰੇ ਤੇ ਉਹਨਾਂ ਦੇ ਇਲਾਜਾਂ ਬਾਰੇ ਦੱਸਦੇ। ਸਾਡੇ ਸਾਹਮਣੇ ਕਈ ਸੱਜਣ ਉਹਨਾਂ ਦੇ ਇਲਾਜ ਨਾਲ ਤੰਦਰੁਸਤ ਹੋਏ। ਉਹ ਕਾਫ਼ੀ ਹੱਦ ਤਕ ਪ੍ਰਹੇਜ਼ ਦੱਸਦੇ ਸਨ। ਤੇ ਉਹਨਾਂ ਕਦੇ ਬਦਲੇ ਵਿਚ ਕਿਸੇ ਤੋਂ ਕੁਝ ਸਵੀਕਾਰ ਨਹੀਂ ਸੀ ਕੀਤਾ।

ਉਹਨਾਂ ਦੀ ਖ਼ਾਸੀਅਤ ਸੀ ਕਿ ਉਹ ਕਦੇ ਅੱਖ ਚੁੱਕ ਕੇ ਉਪਰ ਨਹੀਂ ਸਨ ਤੱਕਦੇ। ਤੇ ਮੇਰੇ ਖ਼ਿਆਲ ਵਿਚ ਅਗਰ ਉਹ ਤੱਕਦੇ ਵੀ ਸਨ ਤਾਂ ਆਮ ਸ਼ਕਸ ਦੀ ਹਿੰਮਤ ਨਹੀਂ ਸੀ ਪੈਂਦੀ ਕਿ ਉਹਨਾਂ ਦੀ ਨਜ਼ਰ ਦਾ ਸਾਹਮਣਾ ਕਰ ਸਕੇ।

ਉਹ ਬਹੁਤ ਘੱਟ ਤੇ ਧੀਮੀ ਅਵਾਜ਼ ਵਿਚ ਬੋਲਦੇ ਸਨ, ਇਸ ਲਈ ਉਹਨਾਂ ਨੂੰ ਬੜੇ ਗਹੁ ਨਾਲ ਸੁਣਦਾ ਪੈਂਦਾ ਸੀ। ਸੁਭਾ ਵਿਚ ਨਿਮਰਤਾ ਤੇ ਮਿੱਠਤ ਸੀ ਤੇ ਉਹਨਾਂ ਨੂੰ ਵੇਖ ਕੇ, ਉਹਨਾਂ ਨਾਲ ਰਹਿ ਕੇ ਗੁਰਬਾਣੀ ਦੀਆਂ ਇਹ ਤੁਕਾਂ "ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ"* ਯਾਦ ਆ ਜਾਂਦੀਆਂ। ਉਹ ਸਾਦਗੀ ਦੇ ਮਾਲਕ, ਬਾਣੀ ਦੇ ਅਥਾਹ ਸਾਗਰ, ਆਤਮਿਕ ਰੰਗ ਵਿਚ ਰੰਗੇ ਰਹਿੰਦੇ ਸਨ। ਨਿਵੇਕਲਾਪਣ ਉਹਨਾਂ ਨੂੰ ਪਸੰਦ ਸੀ। ਜਦੋਂ ਕਦੇ ਵੀ ਉਹ ਦਿੱਲੀ ਵਿਚ ਹੁੰਦੇ ਤਾਂ ਬਹੁਤਾ ਸਮਾਂ ਗੁਰਦਵਾਰਾ ਬੰਗਲਾ ਸਾਹਿਬ ਵਿਖੇ ਹੀ ਗੁਜ਼ਾਰਦੇ। ਲੰਗਰ ਵਿਚ ਸੇਵਾ ਕਰਦੇ ਤੇ ਫਿਰ ਜੋੜਿਆਂ ਸਾਹਮਣੇ ਖ਼ਾਲੀ ਜਗ੍ਹਾ 'ਤੇ ਬੈਠ ਕੇ ਭਜਨ ਬੰਦਗੀ ਵਿਚ ਜੁੜੇ ਰਹਿੰਦੇ। ਅੱਠਾਂ ਪਹਿਰਾਂ ਵਿਚ ਉਹ ਦੋ ਜਾਂ ਤਿੰਨ ਖੁਸ਼ਕ ਫੁਲਕੇ ਹੀ, ਜ਼ਿਆਦਾ ਤਰ ਚਾਹ ਨਾਲ ਛੱਕਦੇ ਸਨ। ਕਦੇ ਕਦੇ ਉਹ ਉਬਲੇ ਆਲੂ ਵੀ ਪਸੰਦ ਕਰਦੇ ਸਨ।

ਹਾਂ, ਇਸ ਦਰਮਿਆਨ ਉਹਨਾਂ ਨੇ ਕੁਝ ਵਾਰੀ ਦਾਸਾਂ ਦੇ ਗ੍ਰਹਿ ਵਿਖੇ ਚਰਨ ਪਾਏ। ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਸਾਡੇ ਸਾਦ-ਮੁਰਾਦੇ ਪਰਿਵਾਰ ਵਿਚ ਮੀਟ-ਸ਼ਰਾਬ ਦਾ ਪ੍ਰਹੇਜ਼ ਹੈ ਤੇ ਬੱਚੇ ਵੀ ਅੰਮ੍ਰਿਤਧਾਰੀ ਹਨ। ਇਹ ਸਭ ਕੁਝ ਬਾਬਾ ਜੀ ਨੂੰ ਪਸੰਦ ਸੀ।

ਬਾਬਾ ਜੀ ਮਾਇਆ-ਧਾਰੀਆਂ ਤੋਂ ਬੜਾ ਗੁਰੇਜ਼ ਕਰਦੇ ਸਨ। ਇਕ ਵਾਰੀ ਦੀ ਗੱਲ ਹੈ ਕਿ ਇਕ

---

* ਸੂਹੀ ਮ: ੫ ਛੰਤ, ਪੰਨਾ ੭੮੪



www.AKJ.Org

ਬਹੁਤ ਲੰਮੀ ਸਾਰੀ ਤੇ ਸੋਹਣੀ ਜਿਹੀ ਕਾਰ ਉਦੋਂ ਸਾਡੀ ਦੁਕਾਨ ਅੱਗੇ ਆ ਕੇ ਰੁਕੀ ਜਦੋਂ ਕਿ ਬਾਬਾ ਜੀ ਵੀ ਉਥੇ ਸਨ। ਇਕ ਅਧਖੜ ਉਮਰ ਦੀ ਅਮੀਰ ਘਰਾਣੇ ਦੀ ਔਰਤ ਕਾਰ ਵਿਚੋਂ ਨਿਕਲ ਕੇ ਬਾਬਾ ਜੀ ਕੋਲ ਆਈ ਤੇ ਬਾਬਾ ਜੀ ਨੂੰ ਆਪਣੇ ਨਾਲ ਚਲਣ ਲਈ ਅਰਜ਼ ਕੀਤੀ, ਪਰ ਬਾਬਾ ਜੀ ਨੇ ਅਸਵੀਕਾਰ ਕਰ ਦਿਤਾ। ਇਥੋਂ ਤਕ ਕਿ ਬਾਬਾ ਜੀ ਨੇ ਉਸ ਬੀਬੀ ਵਲ ਤੱਕਿਆ ਤਕ ਵੀ ਨਹੀਂ। ਬਾਅਦ ਵਿਚ ਪਤਾ ਲਗਾ ਕਿ ਉਹ ਬਹੁਤ ਅਮੀਰ ਬੀਬੀ ਬਾਬਾ ਜੀ ਦੇ ਰਿਸ਼ਤੇਦਾਰਾਂ ਵਿਚੋਂ ਸੀ। ਇਸੇ ਤਰ੍ਹਾਂ ਕਈ ਵਾਰੀ ਬਹੁਤ ਸਾਰੇ ਦਰਸ਼ਨ-ਅਭਿਲਾਸ਼ੀ, ਜੋ ਕਿ ਜਾਣਦੇ ਸਨ ਕਿ ਬਾਬਾ ਜੀ ਚਾਹ ਦੇ ਵਕਤ, ਭਾਵ ਚਾਰ ਕੁ ਵਜੇ ਸ਼ਾਮ ਦੁਕਾਨ ਤੇ ਆਉਂਦੇ ਹੁਨ, ਉਥੇ ਆ ਜਾਂਦੇ। ਕਈ ਵਾਰੀ ਬਾਬਾ ਜੀ ਨੂੰ ਉਹ ਲੋਕ ਕੁਝ ਨਾ ਕੁਝ ਭੇਟ ਕਰਨ ਦੀ ਬੜੀ ਕੋਸ਼ਿਸ਼ ਕਰਦੇ, ਪਰ ਬਾਬਾ ਜੀ ਅਜਿਹੀ ਗੱਲ ਹੀ ਨਾ ਗੌਲਦੇ। ਨਾ ਕਦੇ ਕਿਸੇ ਨੂੰ ਚਰਨ ਛੂਹਣ ਦੇਂਦੇ; ਨਾ ਕਦੇ ਆਪਣੇ ਜੋੜਿਆਂ ਨੂੰ ਹੱਥ ਲਾਉਣ ਦੇਂਦੇ। ਬਾਬਾ ਜੀ ਦਾ ਕੁੜਤਾ ਮਸਤਾਨਾ ਹੋਇਆ ਵੇਖ ਕੇ ਦਾਸ ਨੇ ਕਈ ਵਾਰੀ ਨਵਾਂ ਕੁੜਤਾ ਸਿਉਂ ਕੇ ਦੇਣ ਲਈ ਅਰਜ਼ ਕੀਤੀ; ਪਰ ਬਾਬਾ ਜੀ ਹਮੇਸ਼ਾ ਇਹ ਕਹਿ ਕੇ ਟਾਲ ਦਿੰਦੇ ਕਿ ਭਾਈ ਜੀ, ਆਪਣਾ ਕੰਮ ਚਲ ਰਿਹਾ ਏ, ਲੋੜ ਹੀ ਨਹੀਂ। ਤੁਹਾਨੂੰ ਤਿੰਨ ਚਾਰ ਘੰਟੇ ਕੁੜਤਾ ਸਿਉਣ ਵਿਚ ਲਗ ਜਾਣੇ ਨੇ ਤੇ ਤੁਹਾਡਾ ਬਹੁਤ ਹਰਜਾ ਹੋਵੇਗਾ। ਤੇ ਕਈ ਵਾਰੀ ਉਹ ਆਪਣੇ ਮਸਤਾਨੇ ਕਪੜਿਆਂ ਨੂੰ ਹੀ ਤੋਪਾ-ਟਾਂਕਾ ਲੁਆ ਕੇ ਕੰਮ ਸਾਰ ਲੈਂਦੇ ਸਨ। ਉਹ ਇਹਨਾਂ ਕਪੜਿਆਂ ਵਿਚ ਹੀ ਇੰਨੇ ਜੱਚਦੇ ਸਨ ਕਿ ਰਹਿ ਰਹਿ ਕੇ ਰੂਹ ਉਹਨਾਂ ਵੱਲੇ ਖਿੱਚੀ ਜਾਂਦੀ ਸੀ।

ਉਹਨਾਂ ਦੀ ਸ਼ਖਸੀਅਤ ਨੂੰ ਬਿਆਨ ਕਰਨਾ ਤਾਂ ਇਕ ਅਪਹੁੰਚ ਕਲਪਣਾ ਹੈ। ਫਿਰ ਵੀ ਉਹਨਾਂ ਦੀਆਂ ਖ਼ੂਬੀਆਂ ਵਿਚੋਂ ਇੱਕ ਇਹ ਵੀ ਖ਼ੂਬੀ ਸੀ ਕਿ ਉਹ ਹਮੇਸ਼ਾ ਆਦਮੀ ਦਾ ਚਿਹਰਾ ਵੇਖ ਕੇ ਉਸ ਦੇ ਵਿਅਕਤੀਗਤ ਬਾਰੇ ਜਾਣ ਜਾਂਦੇ ਸਨ। ਜਦੋਂ ਕਦੇ ਵੀ ਉਹ ਜ਼ਰੂਰੀ ਸਮਝਦੇ, ਆਦਮੀ ਨੂੰ ਉਸ ਦੀ ਊਣਤਾਈ ਬਾਰੇ ਦੱਸ ਦੇਂਦੇ। ਤੇ ਫਿਰ ਉਹਨਾਂ ਨੂੰ ਅਸਲੀ, ਠੀਕ ਰਾਹ ਦਾ ਵੀ ਗਿਆਨ ਦੇਂਦੇ।

ਬਾਬਾ ਜੀ ਟੀ. ਵੀ. ਤੇ ਕੁਕਰ ਦੀ ਵਰਤੋਂ ਦੇ ਵਿਰੁੱਧ ਸਨ। ਖ਼ਾਸ ਕਰਕੇ ਕੁਕਰ ਵਿੱਚ ਪੱਕਿਆ ਖਾਣਾ ਉਹਨਾਂ ਮੁਤਾਬਕ ਆਦਮੀ ਨੂੰ ਕਈ ਤਰ੍ਹਾਂ ਦੇ ਰੋਗ ਲਾਉਂਦਾ ਏ। ਤੇ ਐਸੀਆਂ ਹੀ ਚੀਜ਼ਾਂ ਦੀ ਵਰਤੋਂ ਕਰ ਕੇ ਅੱਜ-ਕਲ੍ਹ ਮਨੁੱਖ ਦੀ ਅੱਧੀ ਆਯੂ ਮਨਫ਼ੀ ਹੋ ਜਾਂਦੀ ਏ। ਉਹਨਾਂ ਦਾ ਇਹ ਵੀ ਕਹਿਣਾ ਸੀ ਕਿ ਪਰਿਵਾਰ ਦੀ ਤੰਦਰੁਸਤੀ ਤੇ ਉਹਨਾਂ ਦੀ ਲੰਮੀ ਆਯੂ ਗ੍ਰਹਿਣੀਆਂ (ਇਸਤ੍ਰੀਆਂ) ਦੇ ਹੱਥ ਵਿੱਚ ਹੁੰਦੀ ਏ।

ਬਾਬਾ ਜੀ ਹੋਰਾਂ ਨਾਲ ਜੋ ਸਮਾਂ ਗੁਜ਼ਰਿਆ, ਉਸ ਸਮੇਂ ਦੀਆਂ ਅਮੁਲੀਆਂ ਘੜੀਆਂ ਨੂੰ ਮੁੜ ਹਾਸਲ ਕਰਨ ਲਈ ਦਿਲ ਅੱਜ ਵੀ ਬੇਤਾਬ ਏ। ਬਾਬਾ ਜੀ ਜਦੋਂ ਆਖ਼ਰੀ ਵਾਰੀ ਦਿੱਲੀ ਤੋਂ ਚੰਡੀਗੜ੍ਹ ਲਈ ਰਵਾਨਾ ਹੋਏ ਤਾਂ ਕੁਝ ਦਿਨ ਪਹਿਲਾਂ ਉਹ, ਰਾਤੀਂ ਸਾਡੇ ਘਰ ਉਪਰ ਚੁਬਾਰੇ ਵਿੱਚ ਠਹਿਰੇ। ਜਾਂਦਿਆਂ ਸਾਨੂੰ ਮਿਲ ਕੇ ਗਏ, ਪਰ ਉਦੋਂ ਇਹ ਸੋਚ ਤਕ ਵੀ ਦਿਮਾਗ ਵਿੱਚ ਨਹੀਂ ਸੀ ਆਈ ਕਿ ਉਸ ਨੂਰਾਨੀ ਦਿਲਕਸ਼ ਹਸਤੀ ਦੇ ਮੁੜ ਦਰਸ਼ਨ ਨਹੀਂ ਹੋਣਗੇ।

ਅਚਾਨਕ ਹੀ ਬਾਬਾ ਜੀ ਦੇ ਕੂਚ ਕਰ ਜਾਣ ਦੀ ਖ਼ਬਰ ਮਿਲੀ ਤਾਂ ਅੱਜ ਦੀ ਤਰ੍ਹਾਂ ਉਦੋਂ ਵੀ ਯਕੀਨ ਨਾ ਆਇਆ ਕਿ ਉਹ ਸ਼ਾਂਤਮਈ, ਸੁਹਿਰਦ ਸੱਜਣ ਹੁਣ ਕਦੇ ਨਹੀਂ ਪਰਤਣਗੇ। ਅਥਾਹ ਦੁੱਖ ਹੋਇਆ। ਇਕ ਅਸਹਿ ਧੱਕਾ ਲਗਾ। ਭਾਵੇਂ ਅਜਿਹੀਆਂ ਹਸਤੀਆਂ ਸਦਾ ਹੀ ਅਮਰ ਰਹਿੰਦੀਆਂ ਨੇ, ਫਿਰ ਵੀ ਉਹਨਾਂ ਦਾ ਵਿਛੋੜਾ ਅਜੱਰ ਲਗਾ। ਬਾਅਦ ਵਿੱਚ ਜਦੋਂ ਉਹਨਾਂ ਦੀ ਜ਼ਿੰਦਗੀ ਵਾਂਗੂ ਹੀ ਉਹਨਾਂ ਦੀਆਂ

[ਬਾਕੀ ਦੇਖੋ ਸਫ਼ਾ ੧੪ ਦੇ ਹੇਠ]



www.AKJ.Org

# ਮਨਮਤੀ ਪਰਚਾਰ ਤੇ ਸੱਚਾ ਗੁਰੂ

ਸਿਖ ਕੌਮ ਦੇ ਮੁਹਾਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਚ ਆਦਰਸ਼ਾਂ ਤੋਂ ਖੁੰਝ ਕੇ, ਮਾਇਆ ਦੇ ਚੱਕਰ ਵਿਚ ਫਸ ਕੇ, ਚੌਧਰਾਂ ਤੇ ਕੁਰਸੀਆਂ ਦੀ ਪ੍ਰਾਪਤੀ ਵਿਚ ਹੀ ਸਭ ਕੁਝ ਦਾਅ ਤੇ ਲਾਈ ਬੈਠੇ ਹਨ ਅਤੇ ਇਸ ਤਰ੍ਹਾਂ ਸਿੱਖੀ ਦੇ ਉੱਚੇ ਸੁੱਚੇ ਜੀਵਨ ਤੋਂ ਕੋਹਾਂ ਦੂਰ ਜਾ ਰਹੇ ਹਨ। ਇਸੇ ਦਾ ਫਲ-ਸਰੂਪ 'ਸਿੱਖੀ' ਨੂੰ ਸਖ਼ਤ ਢਾਹ ਲਗ ਰਹੀ ਹੈ।

ਜਦੋਂ ਘਰ ਦੇ ਮਾਲਕ ਤੇ ਪਹਿਰੇਦਾਰ ਸੌਂ ਜਾਣ ਤਾਂ ਚੋਰਾਂ ਡਾਕੂਆਂ ਨੂੰ ਲੁੱਟ-ਮਾਰ ਕਰਨ ਦਾ ਮੌਕਾ ਮਿਲ ਜਾਂਦਾ ਹੈ। ਸਾਡੇ ਪਿਉ ਦਾਦੇ ਦੇ ਖ਼ਜ਼ਾਨੇ ਨੂੰ ਧਾੜਵੀ ਲੋਕ ਦਿਨ-ਦੀਵੀਂ ਲੁਟੀ ਜਾ ਰਹੇ ਹਨ ਅਤੇ ਅਸੀਂ ਮਦਹੋਸ਼ ਹੋ, ਘੁਰਾੜੇ ਮਾਰ ਰਹੇ ਹਾਂ।

ਦਾਅ-ਲਾਊ ਲੋਕ ਗੁਰਬਾਣੀ ਅਤੇ ਸਾਡੇ ਗੁਰ-ਇਤਿਹਾਸ ਨੂੰ ਮਰੋੜ ਤਰੋੜ ਕੇ ਨਿਜੀ ਲਾਭ ਲਈ ਵਰਤ ਰਹੇ ਹਨ ਅਤੇ ਗੁਰਬਾਣੀ ਤੋਂ ਆਪਣੀ ਮਰਜ਼ੀ ਦੇ ਸ਼ਬਦ ਚੁਣ ਕੇ ਸਿਧ ਕਰੀ ਜਾ ਰਹੇ ਹਨ ਕਿ ਗੁਰੂ ਤੋਂ ਬਿਨਾਂ ਗਤੀ ਨਹੀਂ ਅਤੇ ਪ੍ਰਾਣੀ ਮਾਤਰ ਨੂੰ ਰਾਹ ਦਿਖਾਲਣ ਲਈ ਉਪਦੇਸ਼ ਦੇਣ ਲਈ ਕੇਵਲ ਦੇਹਧਾਰੀ ਗੁਰੂ ਹੀ ਹੋ ਸਕਦਾ ਹੈ। ਆਪੋ ਆਪਣੀਆਂ ਗਦੀਆਂ ਜਮਾਈ ਬੈਠੇ ਅਜਿਹੇ ਲੋਕੀ ਆਪਣੇ ਚਿਕਨੇ ਚੋਪੜੇ ਢੰਗਾਂ ਨਾਲ ਸਿਧੇ ਸਾਦੇ ਲੋਕਾਂ ਨੂੰ ਪਟਝੀਓਂ ਲਾਈ ਜਾ ਰਹੇ ਹਨ ਅਤੇ ਭੋਲੇ ਭਾਲੇ ਲੋਕੀ ਉਨ੍ਹਾਂ ਦੇ ਫੰਧੇ ਵਿਚ ਫਸ ਕੇ ਗੁਰਸਿਖੀ ਦੇ ਅਸਲੀ ਜੀਵਨ-ਰਾਹ ਤੋਂ ਲਾਂਭੇ ਜਾ ਰਹੇ ਹਨ। ਅਜ ਨੌਬਤ ਇਥੋਂ ਤਕ ਪੁਜ ਗਈ ਹੈ ਕਿ ਸਿਖੀ ਦੇ ਪ੍ਰਚਾਰਕਾਂ ਦੇ ਰੂਪ ਵਿਚ ਸੈਂਕੜੇ ਲੋਕੀ ਦੇਸਾਂ ਪਰਦੇਸਾਂ ਵਿਚ ਕਈ ਤਰ੍ਹਾਂ ਦੇ ਸਵਾਂਗ ਧਾਰ ਕੇ ਫਿਰ ਰਹੇ ਹਨ ਅਤੇ 'ਗੁਰੂ', 'ਗੁਰ-ਮੰਤਰ' ਆਦਿ ਮੁਢਲੇ ਸਿਖੀ ਸਿਧਾਂਤਾਂ ਨੂੰ ਗ਼ਲਤ ਮਲਤ ਪੇਸ਼ ਕਰ ਕੇ, ਆਪੋ ਆਪਣੀ ਸਿਖੀ-ਸੇਵਕੀ ਬਣਾ ਕੇ ਮਨਮਤ ਦੇ ਅੱਡੇ ਕਾਇਮ ਕਰ ਰਹੇ ਹਨ। ਅਜਿਹੇ ਮਨਮਤੀ ਪ੍ਰਚਾਰ ਨੂੰ ਠਲ੍ਹ ਪਾਉਣ ਦੀ ਡਾਢੀ ਲੋੜ ਹੈ।

ਜਿਵੇਂ ਇਸ ਮਾਦੀ ਦੁਨੀਆ ਵਿਚ ਦੀਵਾ, ਲੈਂਪ ਅਥਵਾ ਬਿਜਲੀ ਦਾ ਬਲਬ ਹੀ ਚਾਨਣਾ ਦੇਣ ਵਾਲੇ ਦਿਸਦੇ ਹਨ, ਪਰ ਅਸਲ ਵਿਚ ਇਹ ਬਾਹਰਲੇ ਖੋਲ ਚਾਨਣਾ ਕਰਨ ਦੇ ਮਾਧਿਅਮ ਹੀ ਹਨ, ਚਾਨਣਾ ਅਥਵਾ ਜੋਤੀ ਇਨ੍ਹਾਂ ਤੋਂ ਅਡਰੀ ਕੁਝ ਹੋਰ ਵਸਤੂ ਹੈ। ਇਸੇ ਤਰ੍ਹਾਂ ਅਧਿਆਤਮਕ ਖੇਤਰ ਵਿਚ ਪ੍ਰਕਾਸ਼ ਕਰਨ ਵਾਲੀ ਹਸਤੀ 'ਗੁਰੂ' ਹੈ। ਮਾਦੀ ਨਜ਼ਰ ਨਾਲ ਵੇਖਿਆਂ ਗੁਰੂ ਵਿਅਕਤੀ ਦਿਸਦਾ ਹੈ, ਪਰ ਗਿਆਨ-ਨੇਤਰਾਂ ਦੁਆਰਾ ਇਹ ਭੇਤ ਖੁਲ੍ਹਦਾ ਹੈ ਕਿ ਗੁਰੂ 'ਵਿਅਕਤੀ' ਨਹੀਂ, ਸ਼ਕਤੀ ਹੈ; ਗੁਰੂ 'ਦੇਹਿ' ਨਹੀਂ, 'ਜੋਤਿ' ਹੈ। ਸਿਖ ਇਤਿਹਾਸ ਵਿਚ 'ਗੁਰੂ-ਜੋਤਿ' ਨੇ ਦਸ ਸਰੀਰ-ਜਾਮੇ ਬਦਲੇ ਤੇ ਹੁਣ ਓਹੋ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੈ। ਅਸਲੀਅਤ ਇਹੋ ਹੈ ਕਿ ਕਾਇਆਂ ਪਲਟਦੀ ਰਹੀ, ਪਰ ਗੁਰੂ ਦੀ "ਸ਼ਬਦ-ਜੋਤਿ" ਅਤੇ "ਜੁਗਤਿ" ਸਦਾ ਕਾਇਮ ਰਹੀ, ਅਤੇ ਹੁਣ ਵੀ ਸ਼ਬਦ-ਜੋਤਿ' ਓਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਪਸਥਿਤ ਹੋ ਰਹੀ ਹੈ। "ਜੁਗਤਿ" ਵਰਤਾਉਣ ਲਈ, ਅਥਵਾ ਗੁਰ-ਦੀਖਿਅਤ ਕਰਨ ਲਈ ਦੇਹ ਦੀ ਲੋੜ, ਕਰਨੀ-ਕਮਾਈ ਵਾਲੇ ਤਿਆਰ-ਬਰ-ਤਿਆਰ ਪੰਜ ਗੁਰਸਿਖਾਂ ਦੁਆਰਾ ਪੂਰੀ ਕੀਤੀ ਜਾਂਦੀ ਹੈ। ਗੁਰ-ਦੀਖਿਆ ਅੰਮ੍ਰਿਤ-ਸਿੰਚਾਰ ਦੀ ਰਸਮ ਤੋਂ ਉਪਰੰਤ ਪੰਜ ਪਿਆਰੇ, ਗੁਰੂ ਕੇ ਸਿਖ ਹੀ ਹੁੰਦੇ ਹਨ; ਉਹ ਗੁਰੂ ਕਦੇ ਨਹੀਂ ਹੋ ਸਕਦੇ।

ਦਸਮੇਸ਼ ਪਿਤਾ ਜੀ ਨੇ ਖਾਲਸੇ ਨੂੰ 'ਸ਼ਬਦ-ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਂਦਿਆਂ ਦ੍ਰਿੜ੍ਹ ਕਰਾਇਆ ਹੈ—



www.AKJ.Org

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
(ਨਟ ਮ: ੪, ਪੰਨਾ ੯੮੨)

ਅਤੇ— ਸਬਦੁ ਗੁਰ ਪੀਰਾ ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥
(ਸੋਰਠਿ ਮ: ੧, ਪੰਨਾ ੬੩੫

ਤਥਾ— ਗੁਰ ਮੂਰਤਿ ਗੁਰ ਸਬਦੁ ਹੈ, ਸਾਧ ਸੰਗਤਿ ਵਿਚ ਪਰਗਟੀ ਆਈ ॥੨੫॥ (੨੪)
(ਭਾਈ ਗੁਰਦਾਸ ਜੀ

ਸ਼ਬਦ-ਗੁਰੂ ਦਾ ਸਿਧਾਂਤ ਦਾ ਧੁਰਵਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹ ਦਿਤਾ ਸੀ ਅਤੇ ਉਨ੍ਹਾਂ ਨੇ ਸਿੱਧਾਂ-ਜੋਗੀਆਂ ਦੇ ਪੁਛਣ ਤੇ ਕਿ "ਤੇਰਾ ਕਵਣੁ ਗੁਰੂ, ਕਿਸ ਕਾ ਤੂ ਚੇਲਾ" ਦੇ ਉਤਰ ਵਿਚ ਫੁਰਮਾਇਆ ਸੀ :— "ਸਬਦੁ ਗੁਰੂ, ਸੁਰਤਿ ਧੁਨਿ ਚੇਲਾ ॥" (ਸਿਧ ਗੋਸਟਿ, ਪੰਨਾ ੯੪੩

ਸਤਿਗੁਰਾਂ ਨੇ ਗੁਰਸਿਖਾਂ ਨੂੰ ਇਸ ਦੇਹੀ-ਪੂਜਾ ਦੇ ਭਰਮ-ਜਾਲ ਤੋਂ ਕਢਣ ਲਈ ਹੀ ਨਿਸਚੇ ਕਰਾਇਆ ਕਿ ਸਰੀਰ ਦੇ ਡਿਠਿਆਂ ਮੁਕਤੀ ਨਹੀਂ ਹੋਣੀ, ਸਗੋਂ ਤੱਤ ਵਸਤੂ ਹੈ "ਗੁਰ-ਸਬਦ" ਦੀ ਵੀਚਾਰ। ਆਤਮ-ਵਿਗਾਸ "ਗੁਰ-ਸ਼ਬਦ" ਦੁਆਰਾ ਹੀ ਹੋ ਸਕਦਾ ਹੈ। ਗੁਰ-ਵਾਕ—

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥੧॥੨੧॥
(ਵਡਹੰਸ ਕੀ ਵਾਰ, ਪੰਨਾ ੫੯੪

ਸੋ ਡਿੰਭੀ ਤੇ ਪਖੰਡੀ ਗੁਰੂਆਂ ਦੀ ਭਰਮਾਰ ਤੋਂ ਬਚਣ ਲਈ ਜ਼ਰੂਰੀ ਹੈ ਕਿ "ਸ਼ਬਦ-ਗੁਰੂ" ਦੇ ਸਿਧਾਂਤ ਨੂੰ ਆਪ ਸਮਝੀਏ ਅਤੇ ਸੰਸਾਰ ਪ੍ਰਤੀ ਪ੍ਰਗਟ ਕਰੀਏ।

---

[ਸਫਾ ੧੨ ਦੀ ਬਾਕੀ]

ਆਖ਼ਰੀ ਘੜੀਆਂ ਦਾ ਰਹੱਸਜ ਮਲੂਮ ਹੋਇਆ ਤਾਂ ਹੋਰ ਵੀ ਹੈਰਾਨੀ ਹੋਈ ਕਿ ਜਿਵੇਂ ਉਹਨਾਂ ਪੂਰੀ ਦੀ ਪੂਰੀ ਜ਼ਿੰਦਗੀ ਸਾਰੇ ਭੈਣ-ਭਰਾਵਾਂ, ਰਿਸ਼ਤੇਦਾਰਾਂ ਤੋਂ ਦੂਰ ਰਹਿ ਕੇ ਗੁਜ਼ਾਰੀ, ਉਹਨਾਂ ਨੂੰ ਤੁਰਨ ਵੇਲੇ ਵੀ ਕਿਸੇ ਨੂੰ ਵੇਖਣ ਦੀ, ਮਿਲਣ ਦੀ ਖ਼ਾਹਿਸ਼ ਤਕ ਨਹੀਂ ਹੋਈ।

ਐਸੇ ਤਿਆਗੀ ਪੁਰਸ਼ ਅੱਜ ਕਲ੍ਹ ਵਿਰਲੇ ਹੀ ਮਿਲਦੇ ਹਨ। ਉਹਨਾਂ, ਜਿਨ੍ਹਾਂ ਜ਼ਰੂਰਤ ਤੋਂ ਵੱਧ ਕਦੇ ਇੱਕ ਗਰਾਹੀ ਦੀ ਵੀ ਲੋੜ ਮਹਿਸੂਸ ਨਹੀਂ ਕੀਤੀ, ਉਹਨਾਂ ਦਾ ਜੀਵਨ ਆਪਣੇ ਆਪ ਵਿਚ ਸਕੂਨ ਭਰਿਆ ਤ੍ਰਿਪਤ ਤੇ ਸੰਕੋਚਮਈ ਜੀਵਨ ਸੀ।

ਅਜੇ ਵੀ ਜਦੋਂ ਚਾਰ ਕੁ ਦਾ ਵੇਲਾ ਹੁੰਦਾ ਏ, ਅੱਖਾਂ ਅੱਗੇ ਉਹੋ ਪੁਰਾਣਾ ਦ੍ਰਿਸ਼ ਘੁੰਮ ਜਾਂਦਾ ਏ। ਇਉਂ ਲਗਦਾ ਏ ਜਿਵੇਂ ਬਾਬਾ ਜੀ ਉਸੇ ਛੋਟੇ ਜਿਹੇ ਬੈਂਚ ਤੇ ਮੇਰੀ ਮਸ਼ੀਨ ਦੇ ਸਾਹਮਣੇ ਬੈਠੇ ਧੀਮੀ ਧੀਮੀ ਅਵਾਜ਼ ਵਿਚ ਕੁਝ ਕਹਿ ਰਹੇ ਹੋਣ ਤੇ ਦਾਸ ਦੋਵੇਂ ਅਰਕਾਂ ਮਸ਼ੀਨ ਤੇ ਰਖੀ ਬੈਠਾ ਬੜੇ ਗੌਰ ਨਾਲ ਉਹਨਾਂ ਦੇ ਮੂੰਹੋਂ ਨਿਕਲਿਆ ਇੱਕ ਇੱਕ ਲਫ਼ਜ਼ ਸੁਣ ਰਿਹਾ ਹੋਵੇ। ਉਸ ਮਹਾਨ ਹਸਤੀ ਦਾ ਸਾਥ ਜ਼ਿੰਦਗੀ 'ਚੋਂ ਮਨਫ਼ੀ ਹੋ ਜਾਣ ਤੇ ਕੁਝ ਗੁਆਚਾ ਗੁਆਚਾ ਲਗਦਾ ਏ। ਜ਼ਿੰਦਗੀ ਵਿੱਚ ਇਨਸਾਨ ਨੂੰ ਅਜਿਹੇ ਅਜ਼ੀਜ਼ ਪਲ ਵਾਹਿਗੁਰੂ ਦੀ ਮਿਹਰ ਨਾਲ ਹੀ ਨਸੀਬ ਹੁੰਦੇ ਹਨ। ਉਹਨਾਂ ਦੇ ਜੀਵਨ ਦਾ ਨਿਚੋੜ ਸੀ—

ਨਾਨਕ ਨਾਮ ਰਤੇ ਸੇ ਰੰਗੁਲੇ, ਗੁਰ ਕੈ ਸਹਜਿ ਸੁਭਾਇ ॥
ਭਗਤੀ ਰੰਗੁ ਨ ਉਤਰੈ, ਸਹਜੇ ਰਹੇ ਸਮਾਇ। ੨॥੮॥
ਮ: ੩ (ਸਿਰੀਰਾਗ ਕੀ ਵਾਰ ਮਹਲਾ ੪), ਪੰਨਾ ੮੫



www.AKJ.Org

# ਜੀਅ-ਦਇਆ ਬਿਨਾਂ ਪਰਉਪਕਾਰ ਨਹੀਂ ਹੋ ਸਕਦਾ

(ਵਲੋਂ—ਗੁਰਪੂਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਜੀਅ-ਦਇਆ ਦੇ ਅਸੂਲ ਧਾਰਨ ਕੀਤੇ ਬਿਨਾਂ ਗੁਰਮਤਿ ਦੇ ਇਕ ਹੋਰ ਗੰਭੀਰ ਅਸੂਲ ਵਲੋਂ ਘਾਟਾ ਪੈਂਦਾ ਹੈ। ਜਿਸ ਅਸੂਲ ਦੀ ਜੜ੍ਹ ਲਾਉਣ ਲਈ, ਲਾ ਕੇ ਪਤਾਲ ਤਕ ਪਹੁੰਚਾਉਣ ਲਈ ਸਾਡੇ ਸਤਿਗੁਰਾਂ ਨੇ ਦਸ ਜਾਮੇ ਧਾਰਨ ਕੀਤੇ, ਤੇ ਜਿਸ ਦੀ ਪੈਜ ਪਾਲਣ ਲਈ ਸਾਡੇ ਸਤਿਗੁਰਾਂ ਨੇ ਆਪਣੇ ਸਰਬੰਸ ਵਾਰੇ ਅਤੇ ਅਨੇਕ ਪ੍ਰਕਾਰ ਦੇ ਖੇਦ ਸਹਾਰੇ। ਜਿਸ ਅਸੂਲ ਦੇ ਅਮਲ ਅੰਦਰ ਲਿਆ ਕੇ ਵਰਤਾਉਣ ਨੂੰ ਅਤੇ ਜਿਸ ਦੇ ਸਦਾ ਲਈ ਅਟੱਲ ਰਖਾਉਣ ਨੂੰ ਸ੍ਰੀ ਦਸਮੇਸ਼ ਜੀ ਨੇ ਖਾਲਸਾ ਪੰਥ ਰੂਪੀ ਥੰਮ ਰਚ ਕ ਖੜਾ ਕੀਤਾ। ਉਹ ਅਸੂਲ ਕਿਹੜਾ ਹੈ !!

ਉਹ ਅਸੂਲ ਪਰਉਪਕਾਰ ਹੈ, ਜੋ ਕੋਈ ਗੁੱਝੀ ਛੰਨੀ ਬਾਤ ਨਹੀਂ, ਜੋ ਤੁਠੇ ਸਤਿਗੁਰਾਂ ਦੀ ਕੀਨੀ ਅਪਾਰ ਦਾਤ ਹੈ। ਏਸ ਦਾਤ ਦੇ ਦੇਣ ਖ਼ਾਤਰ ਹੀ ਦਸੋਂ ਗੁਰੂ ਸਾਹਿਬਾਨ ਨੇ ਇਸ ਅਸਾਰ ਸੰਸਾਰ ਵਿਖੇ ਆ ਕੇ ਅਵਤਾਰ ਧਾਰਿਆ। ਅਤੇ ਉਪਕਾਰ ਰੂਪ ਅਪਾਰ ਦਾਤ ਦੇ ਦੇਣ ਖ਼ਾਤਰ ਆਇਆਂ ਸਤਿਗੁਰੂ ਸਾਹਿਬਾਨ ਉਤੇ ਜਨਮ ਮਰਨ ਵਿਚ ਆਉਣ ਦਾ ਕਲੰਕ ਨਹੀਂ ਲਗ ਸਕਦਾ। ਜਿਹਾ ਕਿ ਗੁਰਵਾਕ ਹੈ—

ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨ ਮਿਲਾਏ ॥੨॥੭॥੫੪॥

ਸੂਹੀ ਮਹਲਾ ੫, ਪੰਨਾ ੭੪੯

ਸੋ ਸਤਿਗੁਰਾਂ ਨੇ ਪਹਿਲਾਂ ਆਪ ਪਰਉਪਕਾਰ ਦੇ ਪੂਰਨ ਪੂਰਨੇ ਪਾਏ, ਪਿਛੋਂ ਅਸਾਂ ਪਾਪੀਆਂ ਨੂੰ ਭੀ ਏਹਨਾਂ ਪੂਰਨਿਆਂ ਦੁਆਰਾ ਪਰਉਪਕਾਰ ਸਿਖਾਇਆ ਅਤੇ ਇਹਨਾਂ ਪੂਰਨਿਆਂ ਉਤੇ ਚਲ ਕੇ ਪਰਉਪਕਾਰ ਦੇ ਪੁੰਜ ਬਣਨ ਦਾ ਉਪਦੇਸ਼ ਦਿਤਾ। ਜੋ ਜਨ ਪਰਾਈ ਪੀੜਾ ਅੰਦਰ, ਦੁਖੀਆਂ ਦੇ ਦਰਦ ਵੰਡਾਉਣ ਅੰਦਰ ਤੇ ਜੀਅ-ਦਇਆ ਅੰਦਰ ਗੁਰਮੁਖਾਂ ਦੀ ਨਿਆਈਂ ਭੈ ਵਿਚ ਵਰਤਦਾ ਹੋਇਆ ਮੋਮ ਵਾਂਗ ਢਲ ਗਿਆ ਹੋਵੇ, ਸੋਈ ਜਨ ਹੀ ਪਰਉਪਕਾਰ ਦੀ ਸਾਰ ਜਾਣ ਸਕਦਾ ਹੈ। ਜੈਸਾ ਕਿ ਭਾਈ ਗੁਰਦਾਸ ਜੀ ਦਾ ਵਾਕ ਹੈ—

ਗੁਰਮੁਖਿ ਭੈ ਵਿਚਿ ਜੰਮਣਾ ਭੈ ਵਿਚਿ ਰਹਿਣਾ ਭੈ ਵਿਚਿ ਚਲਣਾ ॥
ਸਾਧ ਸੰਗਤਿ ਭੈ ਭਾਇ ਵਿਚਿ ਭਗਤਿ ਵਛਲੁ ਕਰਿ ਅਛਲੁ ਛਲਣਾ ॥
ਜਲ ਵਿਚਿ ਕਵਲੁ ਅਲਿਪਤ ਹੋਇ ਆਸ ਨਿਰਾਸ ਵਲੇਵੈ ਵਲਣਾ ॥
ਅਹਰਣਿ ਘਣ ਹੀਰੇ ਜੁਗਤਿ ਗੁਰਮਤਿ ਨਿਹਚਲੁ ਅਟਲੁ ਨ ਟਲਣਾ ॥
**ਪਰਉਪਕਾਰ ਵੀਚਾਰਿ ਵਿਚਿ ਜੀਅ ਦੈਆ ਮੋਮ ਵਾਗੀ ਢਲਣਾ ॥**
ਚਾਰਿ ਵਰਨ ਤੰਬੋਲ ਰਸੁ ਆਪੁ ਗਵਾਇ ਰਲਾਇਆ ਰਲਣਾ ॥
ਵਟੀ ਤੇਲੁ ਦੀਵਾ ਹੋਇ ਬਲਣਾ ॥੧੭॥ (੧੮)

ਸੋ ਜਿਸ ਨੇ ਜੀਅ-ਦਇਆ ਹੀ ਨਹੀਂ ਪਾਲੀ, ਉਸ ਦਾ ਚਿਤ ਪਰਉਪਕਾਰ ਲਈ ਮੋਮ ਵਾਂਗੂ ਪਿਘਲਣਾ ਅਤੀ ਕਠਨ ਹੈ। ਇਸ ਤੋਂ ਉਲਟ ਜਿਸ ਦਾ ਚਿਤ ਜੀਅ-ਹਤਿਆ ਨਾਲ ਅਟਿਆ ਜਾਵੇ, ਉਸ ਦਾ ਹਿਰਦਾ ਤਾਂ ਪੱਥਰ ਵਾਂਗ ਕਠੋਰ ਹੋ ਜਾਂਦਾ ਹੈ। ਕਠੋਰ-ਚਿਤ ਪੁਰਸ਼ਾਂ ਨੇ ਪਰਉਪਕਾਰ ਕੀ ਕਰਨਾ ਹੈ, ਜਿਸ ਨੂੰ ਪਰਾਈ ਪੀੜਾ ਹੀ ਨਹੀਂ ਪ੍ਰਤੀਤ ਹੁੰਦੀ, ਕਿਉਂਕਿ ਪਰਉਪਕਾਰ ਵਿਚ ਆਪਣਾ ਆਪ ਪਰਾਏ ਪ੍ਰਾਣੀ ਖ਼ਾਤਰ ਵਾਰ ਦੇਣਾ ਹੁੰਦਾ ਹੈ। ਸੋ ਜੀਵ-ਹਤਿਆ ਵਾਲੇ ਪੁਰਸ਼ ਤੋਂ ਕਦਾਚਿਤ ਪਰਉਪਕਾਰ ਨਹੀਂ ਬਣ ਆ ਸਕਦਾ।



www.AKJ.Org

ਅਸਲ ਗੱਲ ਇਹ ਹੈ ਕਿ ਜੀਵਾਂ ਨੂੰ ਹਤ ਕਰਨ ਵਾਲੇ, ਜੀਵਾਂ ਦੇ ਬੱਧ ਕਰਨ ਵਾਲੇ, ਜੀਵਾਂ ਦੇ ਗਲ ਵਢ ਕੇ ਮਾਸ ਖਾਣ ਵਾਲੇ ਪੁਰਸ਼ਾਂ ਦੀ ਪਸ਼ੂ ਸਮਾਨ, ਰਾਖਸ਼ ਬੁਧੀ ਹੋ ਜਾਂਦੀ ਹੈ ਅਤੇ ਅੰਤਸ਼ਕਰਣ ਮਹਾਂ ਮਲੀਨ ਹੋ ਜਾਂਦਾ ਹੈ, ਕਿਉਂਕਿ ਉਨ੍ਹਾਂ ਦੀ ਲੋਭ-ਗ੍ਰਸੀ ਦਸ਼ਾ ਦੀ ਧਾਵਨਾ ਸਦੀਵ ਜੀਵ-ਹਤਿਆ ਵਲ ਹੀ ਰਹਿੰਦੀ ਹੈ। ਉਨ੍ਹਾਂ ਦੀ ਇਹ ਸਦੀਵੀ ਦਸ਼ਾ ਅਕਸਰ ਇਸ ਗੁਰਵਾਕ ਦੇ ਆਸ਼ੇ ਅਨੁਸਾਰ ਹੀ ਬਣੀ ਰਹਿੰਦੀ ਹੈ। ਯਥਾ—

ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥੯॥੧੯॥

ਭੈਰਉ ਮਹਲਾ ੩, ਪੰਨਾ ੧੧੩੨

ਅਖਾਧ ਵਸਤੂਆਂ ਦੇ ਖਾਣ ਵਾਲੇ ਪੁਰਸ਼ਾਂ ਦੀ ਨਿਰੀ ਲੋਭ-ਗ੍ਰਸਤ ਮਹਾਂ ਨਿਘਰੀ ਹੋਈ ਦਸ਼ਾ ਹੋ ਜਾਂਦੀ ਹੈ। ਜਿਵੇਂ ਕਿ ਗੁਰਵਾਕ ਹੈ—

ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭੁ ਖਾਇ ॥੨॥੨੧॥੯੧॥

ਸਿਰੀ ਰਾਗ ਮਹਲਾ ੫, ਪੰਨਾ ੫੦

ਇਸ ਕਰਕੇ ਉਨ੍ਹਾਂ ਨੂੰ ਸਿਵਾਏ ਮਲੇਛਾਂ ਵਾਂਗੂ ਮਲ-ਭਖ ਖਾ ਕੇ ਆਪਣੀ ਉਦਰ-ਪੂਰਨਾ ਕਰਨ ਦੇ ਨਿਸ ਬਾਸਰ ਹੋਰ ਕੋਈ ਖ਼ਿਆਲ ਸੁਝਦਾ ਹੀ ਨਹੀਂ, ਪਰਾਇਆ ਭਲਾ ਉਨ੍ਹਾਂ ਨੂੰ ਕੀ ਸੁਖਾਉਣਾ ਸੀ। ਕਿਥੇ ਜੀਅ-ਦਾਨ ਵਾਲੇ ਪਰਉਪਕਾਰੀਆਂ ਦੇ ਉੱਚ ਪੂਰਨੇ ਤੇ ਕਿਥੇ ਜੀਅ-ਦਇਆ-ਸੂੰਨ ਅਤੇ ਉਪਕਾਰ ਵਿਹੂਣ ਮਾਸ-ਅਹਾਰੀਆਂ ਦੇ ਨੀਚ ਪੂਰਨੇ! ਪਰਾਏ ਉਪਕਾਰ ਦੀ ਗੱਲ ਸੁਝਣੀ ਤਾਂ ਦੂਰ ਰਹੀ, ਆਪਣੀ ਨਫ਼ਸ਼-ਪ੍ਰਸਤੀ ਦੇ ਖ਼ਿਆਲਾਂ ਅੰਦਰ ਉਨ੍ਹਾਂ ਨੂੰ ਪਰ-ਪੀੜਾਂ ਨਵਿਰਤੀ ਦਾ ਫੁਰਨਾ ਤਕ ਨਹੀਂ ਫੁਰਦਾ।

**ਜੀਅ ਦਇਆ ਬਿਨਾਂ**

**ਖੁਦ-ਪ੍ਰਸਤੀ ਵਿਚ ਪੈਣ ਕਰਕੇ ਆਪਾ ਭਾਵ ਦੀ ਨਵਿਰਤੀ ਨਹੀਂ ਹੁੰਦੀ—**

ਸੋ ਜੀਅ-ਦਇਆ ਹਿਰਦੇ ਵਿਚ ਵਸੇ ਬਿਨਾਂ ਮਾਸ-ਅਹਾਰੀ, ਜੀਵ-ਸੰਘਾਰੀ ਪੁਰਸ਼ ਨੂੰ ਪਰਉਪਕਾਰ ਦੇ ਥਾਉਂ ਹਰ ਘੜੀ ਆਪਾ ਭਾਵ ਹੀ ਸੁਝਦਾ ਹੈ, ਅਰਥਾਤ ਧਰਮ-ਪ੍ਰਸਤੀ ਜਾਂ ਖ਼ੁਦਾ-ਪ੍ਰਸਤੀ ਦੀ ਥਾਂ ਉਲਟ ਖ਼ੁਦ-ਪ੍ਰਸਤੀ ਦਾ ਹੀ ਖ਼ਿਆਲ ਰਹਿੰਦਾ ਹੈ। ਜਿਹਬਾ ਰਸ ਦੇ ਲੋਭ-ਲਿਬੜੇ ਪਾਪਾਂ ਦੀ ਪੰਕਜ ਵਿਚ ਫਾਥੇ ਅਤੇ ਨਫ਼ਸ-ਪ੍ਰਸਤੀ ਦੀ ਤ੍ਰਿਸ਼ਨਾ-ਮੇਈ ਧਸਣ ਵਿਚ ਨਿਘਰੀ ਜਾਂਦੇ ਪ੍ਰਪੰਚੀ ਪੁਰਸ਼ਾਂ ਦੀ ਦਸ਼ਾ ਉਤੇ ਹੀ ਇਹ ਗੁਰਵਾਕ ਘਟਦਾ ਹੈ। ਯਥਾ—

ਰੋਜਾ ਧਰੈ ਮਨਾਵੈ ਅਲਹੁ, ਸੁਆਦਤਿ ਜੀਅ ਸੰਘਾਰੈ ॥
ਆਪਾ ਦੇਖਿ ਅਵਰ ਨਹੀ ਦੇਖੈ, ਕਾਹੇ ਕਉ ਝਖ ਮਾਰੈ ॥੧॥੭॥੨੯॥

ਆਸਾ ਕਬੀਰ ਜੀ, ਪੰਨਾ ੪੮੩

ਅਰਥਾਤ, ਜੋ ਪ੍ਰਪੰਚੀ ਪੁਰਸ਼ ਅਲਾਹ ਦੇ ਉਪਾਸ਼ਕ ਬਣ ਕੇ ਰੋਜ਼ੇ ਰਖਣ ਦਾ ਪੱਜ ਲੈਂਦੇ ਹੋਏ ਆਪਣੀ ਜਿਹਬਾ ਦੇ ਸੁਆਦ ਲਈ ਨਿਰ-ਅਪਰਾਧ ਜੀਵਾਂ ਦਾ ਘਾਤ ਕਰਦੇ ਹਨ, ਉਨ੍ਹਾਂ ਦੇ ਇਸ ਬਿਧ ਝਖ ਮਾਰਨ ਦਾ ਕਾਰਨ ਕੀ ਹੁੰਦਾ ਹੈ, ਕੇਵਲ ਇਹ ਕਿ ਖ਼ੁਦ-ਪ੍ਰਸਤ ਪੁਰਸ਼ ਨਫ਼ਸ-ਪ੍ਰਸਤੀ ਦੇ ਅਧੀਨ ਹੋ ਕੇ, ਆਪਣੇ ਨਫ਼ਸ ਦੇ ਪਾਲਣ ਦੀ ਗੱਲ ਨੂੰ ਹੀ ਸੋਚਦੇ ਹਨ, ਪਰਾਏ ਹਾਣ ਲਾਭ ਨੂੰ ਨਹੀਂ ਦੇਖਦੇ। ਉਨ੍ਹਾਂ ਦੇ ਮਲੀਨ ਅੰਤਸ਼-ਕਰਣ ਰੂਪੀ ਚੰਮ-ਦ੍ਰਿਸ਼ਟੀ ਅੰਦਰ ਅਜਿਹੀ ਚਰਬੀ ਛਾਈ ਹੁੰਦੀ ਹੈ ਕਿ ਕੇਵਲ ਆਪਾ ਭਾਵ ਹੀ ਉਨ੍ਹਾਂ ਨੂੰ ਸੁਝਦਾ ਹੈ! ਉਨ੍ਹਾਂ ਦੀ ਨਾਪਾਕ ਬੁੱਧੀ ਜ਼ਾਤੇ-ਪਾਕ ਨੂੰ ਸਾਰਿਆਂ ਵਿਚ ਵਿਆਪਕ ਨਹੀਂ ਦੇਖ ਸਕਦੀ, ਉਨ੍ਹਾਂ ਦੀ ਨਕਿਸ਼ਟ ਨਜ਼ਰ ਅੰਦਰ "ਘਟਿ ਘਟਿ ਰਮਈਆ ਸੋਇ" ਦਿਖਾਈ ਨਹੀਂ ਦਿੰਦਾ ਅਤੇ "ਘਟ ਘਟ



www.AKJ.Org

ਪਰਲੋਕ ਦੀ ਇਕ ਸੱਚੀ ਵਾਰਤਾ–

# 'ਤੂਟੀ ਗਾਢਣਹਾਰ ਗੋਪਾਲ'

[ਪ੍ਰੋਫੈਸਰ ਠਾਕਰ ਸਿੰਘ ਜੀ, ਸ੍ਰੀ ਅੰਮ੍ਰਿਤਸਰ]

੧੯੩੩ ਵਿਚ ਅਜ ਤੋਂ ੫੦ ਸਾਲ ਪਹਿਲਾਂ, ਮੈਂ ਗੌਰਮਿੰਟ ਕਾਲਜ ਲੁਧਿਆਣਾ ਦੀ ਖੇਡਾਂ ਦੀ ਟੀਮ ਲੈ ਕੇ, ਲਾਹੌਰ ਪੰਜਾਬ ਯੂਨੀਵਰਸਿਟੀ ਟੂਰਨਾਮੈਂਟ ਵਿਚ ਹਿਸਾ ਲੈਣ ਲਈ ਚੁਬਰਜੀ ਗਰਾਊਂਡ ਪੁਜਾ। ਜਦੋਂ ਉਥੇ ਸਟੇਡੀਅਮ ਵਿਚ ਖਿਲਾੜੀ ਬੈਠ ਗਏ ਤਾਂ ਇਕ ਨੌਜੁਆਨ, ਮੇਰੇ ਪਾਸ ਆ ਕੇ, ਪਹਿਲਾਂ ਮੇਰੇ ਗੋਡੇ ਹੱਥ ਲਾਏ ਤੇ ਫਿਰ ਗੁਰੂ ਫਤਹ ਬੁਲਾ ਕੇ ਬੈਠ ਗਿਆ। ਉਹ ਲੜਕਾ ਸਾਡੇ ਕਾਲਜ ਵਿਚ ਪੜ੍ਹਦਾ ਸੀ। ਹਾਕੀ ਬਹੁਤ ਅੱਛੀ ਖੇਡਦਾ ਸੀ। ਮੈਨੂੰ ਬਹੁਤ ਪਿਆਰ ਕਰਦਾ ਸੀ। ਕੁਛ ਕਾਲਜ ਬਾਬਤ, ਕੁਛ ਖਿਲਾੜੀਆਂ ਬਾਬਤ ਗੱਲਾਂ ਬਾਤਾਂ ਕਰ ਕੇ, ਕਹਿਣ ਲਗਾ, "ਪ੍ਰੋਫੈਸਰ ਸਾਹਿਬ, ਤੁਸੀਂ ਲੁਧਿਆਣੇ ਸੁਣਿਆ ਹੋਣੈ ਕਿ ਮੈਂ ਕੁਛ ਦੇਰ ਹੋਈ, ਬੀਮਾਰ ਹੋ ਗਿਆ, ਤੇ ਮੈਨੂੰ ਇਲਾਜ ਵਾਸਤੇ ਲਾਹੌਰ ਵਡੇ ਹਸਪਤਾਲ ਵਿਚ ਮੇਰੀ ਮਾਤਾ ਜੀ ਲੈ ਆਏ, ਸਭ ਤੋਂ ਵਡਾ ਅੰਗਰੇਜ਼ ਡਾਕਟਰ ਇਲਾਜ ਕਰ ਰਿਹਾ ਸੀ, ਪਰ ਦਾਤਾ ਜੀ ਦਾ ਹੁਕਮ, ਮੈਂ ਰਾਜ਼ੀ ਨ ਹੋ ਸਕਿਆ। ਕੁਛ ਦਿਨਾ ਬਾਅਦ ਮੈਂ ਮਰ ਗਿਆ। ਡਾਕਟਰ ਸਾਹਿਬ ਨੇ ਮੇਰੀ ਮਾਤਾ ਜੀ ਨਾਲ ਬੜਾ ਅਫਸੋਸ ਕੀਤਾ ਤੇ ਇਹ ਕਿਹਾ ਕਿ ਰੱਬ ਦੇ ਸਾਹਮਣੇ ਕਿਸੇ ਦਾ ਜ਼ੋਰ ਨਹੀਂ ਚਲ ਸਕਦਾ, ਉਹੋ ਹੀ ਹੁੰਦਾ ਹੈ ਜੋ ਉਸ ਨੂੰ ਮਨਜ਼ੂਰ ਹੋਵੇ। ਸੋ ਹੁਣ ਇਸ ਦੇ ਮੁਰਦਾ ਸਰੀਰ ਨੂੰ ਵਾਪਸ ਲੁਧਿਆਣੇ ਲੈ ਜਾ ਸਕਦੇ ਹੋ। ਫਿਰ ਤੁਸੀਂ ਇਹ ਵੀ ਸੁਣਿਆ ਹੋਣਾ ਹੈ ਕਿ ਮੈਂ ਜੀ ਪਿਆ। ਤੇ ਹੁਣ ਵੇਖੋ, ਮੈਂ ਜੀਊਂਦਾ ਆਪ ਨਾਲ ਗੱਲਾਂ ਕਰ ਰਿਹਾ ਹਾਂ। ਮੈਂ ਕਿਹਾ ਕਿ ਜੋ ਕੁਛ ਤੂੰ ਦਸਿਆ ਹੈ, ਅਸਾਂ ਸਭ ਨੇ ਲੁਧਿਆਣੇ ਇਸੇ ਤਰ੍ਹਾਂ ਸੁਣਿਆ ਸੀ ਕਿ ਤੂੰ ਮਰ ਕੇ ਜੀਉ ਪਿਆ ਸੈਂ। ਆਮ ਲੋਕ ਇਸੇ ਤਰ੍ਹਾਂ ਗੱਲਾਂ ਕਰਦੇ ਹਨ।" ਕਹਿਣ ਲੱਗਾ, ਤੁਸੀਂ ਲੁਧਿਆਣੇ ਟੀਮ ਨੂੰ ਕਦੋਂ ਵਾਪਸ ਲੈ ਜਾ ਰਹੇ ਹੋ? ਮੈਂ ਜਵਾਬ ਦਿਤਾ ਕਿ ਦੋ ਦਿਨ ਖੇਲਾਂ ਖੇਲਣ ਪਿਛੋਂ ਜਾਵਾਂਗੇ। ਕਹਿਣ ਲਗਾ, ਫਿਰ ਮੇਰੀ ਇਹ ਬੇਨਤੀ ਹੈ ਕਿ ਟੀਮ ਨੂੰ ਕਪਤਾਨ ਨਾਲ ਗੱਡੀ ਵਿਚ ਭੇਜ ਦੇਣਾ ਤੇ ਤੁਸੀਂ, ਜਿਥੇ ਹੁਕਮ ਕਰੋ, ਮੈਂ ਆਪਣੀ ਕਾਰ ਲੈ ਕੇ ਆ ਜਾਵਾਂਗਾ ਤੇ ਆਪ ਨੂੰ ਆਪਣੇ ਨਾਲ ਲੁਧਿਆਣੇ ਲੈ ਚਲਾਂਗਾ, ਅਤੇ ਰਸਤੇ ਵਿਚ ਆਪਣੀ ਜ਼ਬਾਨੀ ਸੁਣਾਵਾਂਗਾ ਕਿ ਕਿਸ ਤਰ੍ਹਾਂ ਮੈਂ ਮਰ ਗਿਆ ਤੇ ਕਿਸ ਤਰ੍ਹਾਂ ਸਤਿਗੁਰੂ ਅਰਜਨ ਦੇਵ ਜੀ ਨੇ "ਟੂਟੀ ਗਾਢਣ-ਹਾਰ ਗੋਪਾਲ" ਆਪਣੀ ਬਖਸ਼ਸ਼ ਕਰ ਕੇ ਜ਼ਿੰਦਾ ਕਰ ਦਿਤਾ ਤੇ ਨਾਲ

---

ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ" ਗੁਰਵਾਕ ਦੇ ਭਾਵ ਅਨੁਸਾਰ "ਹਰਿ ਸਾਜਨ ਸੁਆਮੀ ਨਿਕਟ ਖਲੋਇਅੜਾ" ਉਨ੍ਹਾਂ ਨੂੰ ਪ੍ਰਤੀਤ ਨਹੀਂ ਹੁੰਦਾ, ਬਸ ਆਪਣਾ ਆਪ ਹੀ ਦਿਸਦਾ ਹੈ।

ਤਾਂ ਤੇ ਸਿੱਧ ਹੋਇਆ ਕਿ ਮਾਸ-ਖ਼ੋਰੇ ਪੁਰਸ਼ ਪੁਜ ਕੇ ਆਪਾ-ਪ੍ਰਸਤ ਹੋ ਜਾਂਦੇ ਹਨ। ਇਸ ਆਪਾ ਭਾਵ ਦਾ ਨਿਖੇਧ ਗੁਰਮਤਿ ਦੇ ਉਪਦੇਸ਼ ਦੀ ਪਹਿਲੀ ਪਉੜੀ ਹੈ ਅਤੇ ਆਪਾ-ਭਾਵ ਦੀ ਗਡਣ ਵਿਚੋਂ ਭੁਲੇ ਭਟਕੇ ਸੰਸਾਰੀਆਂ ਨੂੰ ਕਢਣ ਲਈ ਗੁਰਮਤਿ ਦਾ ਸਭ ਤੋਂ ਪਹਿਲਾ ਯਤਨ ਅਤੇ ਮੁਖ਼ ਮਿਸ਼ਨ ਹੈ। ਓਸੇ ਆਪਾ ਭਾਵ ਦੀ ਗਡੀ ਫਾਹੀ ਵਿਚ ਸਾਡੇ ਮਾਸ-ਭਖੀ ਭਾਈ ਦੂਣੇ ਚੌਣੇ ਫਸ ਜਾਂਦੇ ਹਨ। ਏਸ ਹਾਲਤ ਵਿਚ ਉਨ੍ਹਾਂ ਦੇ ਭਜਨ ਪਾਠ ਕੀ ਕਹਿੰਦੇ ਹਨ! ਬਸ ਮੁਸਲਮਾਨ ਮਾਸਖੋਰੇ, ਸੁਆਦਤ ਜੀਅ ਸੰਘਾਰਨ ਵਾਲੇ ਭਰਾਵਾਂ ਦੇ ਰੋਜ਼ੇ ਨਮਾਜ਼ਾਂ ਵਾਂਗ ਹੀ ਸਮਝ ਲਵੋ। ਨਿਸ਼ਾਨਾ ਗੁਰਵਾਕ ਰੂਪੀ ਬਾਣਾਂ ਦਾ ਇਕੋ ਹੀ ਹੈ। ਕਿਸੇ ਪਾਸੇ ਸ਼ਿਸਤ ਲਾ ਕੇ ਦੇਖ ਲਓ, ਸਭ ਸੁਆਦ ਦੇ ਅਡੰਬਰ ਹਨ, ਪਾਜ਼ ਆਪੋ ਆਪਣੇ ਰਚੀ ਬੈਠੇ ਹਨ। ਮਹਾਂ ਪੁਰਖਾਂ ਦੇ ਵਾਕਾਂ ਨੇ ਤਾਂ ਨਿਰਪਖ ਹੋ ਕੇ ਹੀ ਵਜਣਾ ਹੈ। ["ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ" ਵਿਚੋਂ



www.AKJ.Org

ਹੀ ਉਨ੍ਹਾਂ ਨੇ ਜੋ ਸੁਖਮਨੀ ਸਾਹਿਬ ਦੀ ਦੂਸਰੀ ਅਸ਼ਟਪਦੀ ਵਿਚ ਲਿਖਿਆ ਹੈ—

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥.. ੨॥
ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥
ਜਹਾਂ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥
ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
ਜਹ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥

ਇਹ ਸਭ ਕੁਛ ਮੈਂ ਆਪ ਦੇਖਿਆ ਹੈ ਤੇ ਇਹ ਅਸਚਰਜ ਦਰਦਾਂ ਭਰੀ ਕਹਾਣੀ ਮੈਂ ਸੁਣਾਵਾਂਗਾ।

ਇਸ ਲੜਕੇ ਦਾ ਨਾਮ ਜਸਵੰਤ ਸਿੰਘ ਸੀ। ਇਸ ਦਾ ਪਿੰਡ ਨਾਰੰਗਵਾਲ (ਲੁਧਿਆਣਾ) ਸੀ ਤੇ ਇਸ ਦਾ ਪਿਤਾ ਸ: ਬ: ਗਜਨ ਸਿੰਘ ਸੀ, ਜੋ ਬਹੁਤ ਵਡਾ ਝੋਲੀਚੁਕ ਸੀ। ਪਹਿਲੀ ਵਡੀ ਜੰਗ ਵਿਚ ਅੰਗਰੇਜ਼ੀ ਸ੍ਰਕਾਰ ਦੀ ਭਰਤੀ ਵਿਚ ਮਦਦ ਕਰਨ ਬਦਲੇ, ਨਾਲੇ ੭੫ ਮੁਰੱਬੇ ਜ਼ਮੀਨ ਜ਼ਿਲਾ ਮਿੰਟਗੁਮਰੀ ਵਿਚ ਮਿਲ ਗਈ, ਨਾਲੇ ਵਾਇਸਰਾਏ ਦੀ ਕੌਂਸਲ ਦਾ ਮੈਂਬਰ ਬਣ ਗਿਆ। ਇਸ ਦਾ ਇਹ ਇਕੋ ਇਕ ਲੜਕਾ ਸੀ, ਜਿਸ ਦੀ ਰਾਖੀ ਵਾਸਤੇ ਇਕ ਖਾਲਸਾ ਹਰ ਵਕਤ ਉਸ ਦੇ ਨਾਲ ਰਹਿੰਦਾ ਸੀ, ਜੋ ਚੰਗਾ ਗੁਰਸਿਖ ਸੀ ਤੇ ਉਸ ਨੂੰ 'ਅਕਾਲੀ' ਕਹਿੰਦੇ ਸਨ।

ਟੂਰਨਾਮਿੰਟ ਦੇ ਖ਼ਤਮ ਹੋਣ ਤੇ ਜਸਵੰਤ ਸਿੰਘ ਮੇਰੇ ਪਾਸ ਕਾਰ ਲੈ ਕੇ ਆ ਗਿਆ। ਉਸ ਦਾ ਡਰਾਈਵਰ ਤੇ ਅਕਾਲੀ ਉਸ ਦੇ ਨਾਲ ਬੈਠੇ ਸਨ। ਮੈਨੂੰ ਕਾਰ ਵਿਚ ਬਿਠਾ ਕੇ ਲੁਧਿਆਣੇ ਨੂੰ ਚਲ ਪਏ, ਲਾਹੌਰ ਛਾਉਣੀ ਲੰਘ ਕੇ ਜਸਵੰਤ ਸਿੰਘ ਕਹਿਣ ਲੱਗਾ ਕਿ ਹੁਣ ਮੈਂ ਆਪ ਨੂੰ, ਆਪ-ਬੀਤੀ ਸੁਣਾਉਂਦਾ ਹਾਂ।

ਮੈਂ ਲੁਧਿਆਣੇ ਟਾਈਫ਼ਾਈਡ ਬੁਖ਼ਾਰ ਨਾਲ ਬੀਮਾਰ ਹੋ ਗਿਆ। ਡਾਕਟਰ ਜੋ ਇਲਾਜ ਕਰ ਰਿਹਾ ਸੀ, ਮੇਰੀ ਮਾਤਾ ਜੀ ਨੂੰ ਕਹਿਣ ਲਗਾ ਕਿ ਇਹ ਬੁਖਾਰ ਕਾਫ਼ੀ ਖਤਰਨਾਕ ਹੁੰਦਾ ਹੈ। ਤੁਸੀਂ ਵਡੇ ਆਦਮੀ ਹੋ, ਇਸ ਦਾ ਇਲਾਜ ਲਾਹੌਰ ਵਡੇ ਡਾਕਟਰਾਂ ਪਾਸੋਂ ਕਰਵਾਵੋ। ਅਸੀਂ ਨੌਕਰ ਨਾਲ ਲੈ ਕੇ ਕਾਰ ਵਿਚ ਲਾਹੌਰ ਪੁਜ ਕੇ ਵਡੇ ਹਸਪਤਾਲ ਦੇ ਅੰਗਰੇਜ਼ ਡਾਕਟਰ ਨੂੰ ਮਿਲੇ, ਉਸ ਨੂੰ ਫ਼ੀਸ ਦੇ ਦਿਤੀ। ਸਾਨੂੰ ਅਲੱਗ ਕਮਰਾ ਮਿਲ ਗਿਆ ਤੇ ਇਲਾਜ ਸ਼ੁਰੂ ਹੋ ਗਿਆ। ਪੰਜ ਦਸ ਦਿਨ ਗੁਜ਼ਰ ਗਏ, ਪਰ ਬੁਖ਼ਾਰ ਨੂੰ ਮੋੜਾ ਨਾ ਪਿਆ। ਡਾਕਟਰ ਮੇਰੀ ਮਾਤਾ ਜੀ ਨੂੰ ਕਹਿਣ ਲਗਾ ਕਿ ਇਲਾਜ ਜੋ ਕੁਛ ਹੋ ਸਕਦਾ ਹੈ, ਮੈਂ ਕਰ ਰਿਹਾ ਹਾਂ, ਪਰ ਜੋ ਕੁਛ ਰੱਬ ਨੂੰ ਮਨਜ਼ੂਰ ਹੋਵੇ, ਓਹੋ ਹੀ ਹੁੰਦਾ ਹੈ। ਮੈਂ ਹੋਰ ਡਾਕਟਰਾਂ ਨਾਲ ਵੀ ਸਲਾਹ ਕੀਤੀ, ਪਰ ਕੁਛ ਫ਼ਾਇਦਾ ਨਹੀਂ ਹੋ ਰਿਹਾ। ਹੋਰ ਦੋ ਤਿੰਨ ਦਿਨ ਗੁਜ਼ਰੇ ਤਾਂ ਕਹਿਣ ਲੱਗਾ ਕਿ ਬੀਮਾਰੀ ਮੇਰੇ ਵਸ ਤੋਂ ਬਾਹਰ ਹੈ ਤੇ ਲਗਦਾ ਹੈ ਕਿ ਅੱਜ ਜਾਂ ਕਲ੍ਹ ਤਕ ਇਹ ਲੜਕਾ ਚਲਾਣਾ ਕਰ ਜਾਵੇਗਾ। ਮਾਂ ਮੇਰੀ ਰੋ ਰਹੀ ਸੀ ਤੇ ਡਾਕਟਰ ਦੇ ਤਰਲੇ ਕਢ ਰਹੀ ਸੀ। ਤਕਲੀਫ਼ ਜ਼ਿਆਦਾ ਹੋਣ ਕਰਕੇ ਡਾਕਟਰ ਉਸ ਰਾਤ ਸਾਡੇ ਪਾਸ ਹੀ ਰਿਹਾ, ਦਵਾਈਆਂ ਦੇਂਦਾ ਰਿਹਾ, ਪਰ ਫ਼ਾਇਦਾ ਕੁਛ ਨ ਹੋਇਆ। ਅਗਲੇ ਸਵੇਰੇ Stretha Scope (ਧੜਕਣ ਦੇਖਣ ਵਾਲਾ ਯੰਤਰ) ਲਗਾ ਕੇ ਕਹਿ ਦਿਤਾ ਕਿ "ਦਿਲ ਦੀ ਧੜਕਣ ਬੰਦ ਹੋ ਗਈ ਹੈ, ਸਾਹ ਵੀ ਨਹੀਂ ਆ ਰਿਹਾ ਤੇ ਮੇਰੀ ਸਾਰੀ ਕੋਸ਼ਸ਼ ਕਰਨ ਦੇ ਬਾਵਜੂਦ ਇਹ ਗੁਜ਼ਰ ਗਿਆ ਹੈ। ਮੈਨੂੰ ਬਹੁਤ ਅਫ਼ਸੋਸ ਹੈ, ਪਰ ਰੱਬ ਅਗੇ ਕਿਸੇ ਦਾ ਜ਼ੋਰ ਨਹੀਂ ਚਲਦਾ। ਹੁਣ ਇਸ ਦੀ ਦੇਹ ਨੂੰ ਬਕਸੇ ਵਿਚ ਪਾ ਕੇ ਲੁਧਿਆਣੇ ਲੈ ਜਾ ਸਕਦੇ



www.AKJ.Org

ਹੈ।" ਇਹ ਕਹਿ ਕੇ ਉਹ ਚਲਾ ਗਿਆ। ਮੇਰੀ ਮਾਂ ਨੇ ਚੀਕਾਂ ਮਾਰਨੀਆਂ ਸ਼ੁਰੂ ਕੀਤੀਆਂ ਤੇ ਮੇਰੇ ਉਪਰ ਕਪੜਾ ਦੇ ਦਿਤਾ। ਮੇਰੇ ਮਾਮੇ ਜੀ ਦੇ ਲੜਕੇ ਨੂੰ ਕਹਿ ਦਿਤਾ ਕਿ ਬਾਜ਼ਾਰ ਜਾ ਕੇ ਬਕਸ, ਲਿਜਾਣ ਵਾਸਤੇ ਬਣਵਾ ਕੇ ਲਿਆਵੇ।

ਉਸ ਵਕਤ ਉਹ ਗੁਰਮੁਖ ਅਕਾਲੀ ਕਹਿਣ ਲਗਾ ਕਿ ਬੀਬੀ ਜੀ, ਹੁਣ ਕੀ ਕਰਨਾ ਹੈ। ਉਸ ਨੇ ਜਵਾਬ ਦਿਤਾ ਕਿ ਇਕੋ ਮੇਰਾ ਲੜਕਾ ਸੀ, ਉਹ ਗੁਜ਼ਰ ਗਿਆ ਹੈ। ਮੇਰੀ ਦੁਨੀਆ ਖਤਮ ਹੋ ਗਈ ਹੈ। ਅਕਾਲੀ ਕਹਿਣ ਲਗਾ ਕਿ ਬੀਬੀ, ਹੁਣ ਗੁਰੂ ਅਰਜਨ ਦੇਵ ਜੀ ਮਦਦ ਕਰ ਸਕਦੇ ਹਨ, ਉਹ ਹਨ "ਟੂਟੀ ਗਾਢਣਹਾਰ ਗੋਪਾਲ"। ਮਾਂ ਜੀ ਨੇ ਜਵਾਬ ਦਿਤਾ ਕਿ ਆਪ ਇਸ ਕਾਰ ਤੇ ਮਾਇਆ ਦੀ ਥੈਲੀ ਲੈ ਕੇ ਡੇਹਰਾ ਸਾਹਿਬ ਜਾ ਕੇ ਤਰਲੇ ਮਿੰਨਤ ਕਢੋ। ਅਕਾਲੀ ਜੀ ਉਸੇ ਵਕਤ ਮਾਇਆ ਲੈ ਕੇ ਕਾਰ ਵਿਚ ਡੇਹਰਾ ਸਾਹਿਬ ਗੁਰਦਵਾਰਾ ਸਾਹਿਬ ਪੁਜੇ। ਜਾਂਦੇ ਹੀ ਗ੍ਰੰਥੀ ਸਾਹਿਬ ਨੂੰ ਮਿਲੇ। ਇਕ ਹਜ਼ਾਰ ਦਮੜਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਖ ਕੇ ਬੇਨਤੀ ਕੀਤੀ ਕਿ ਹੁਣੇ ਹੀ ਸਾਡੇ ਬੱਚੇ, ਕਾਕਾ ਜਸਵੰਤ ਸਿੰਘ ਲੁਧਿਆਣੇ ਵਾਲੇ ਦੀ ਦੇਹ ਅਰੋਗਤਾ ਲਈ ਅਰਦਾਸ ਕਰਕੇ, ਅਖੰਡ ਪਾਠ ਸ਼ੁਰੂ ਕਰਵਾਇਆ ਜਾਵੇ। ਸਤਿਗੁਰੂ ਜੀ ਦੀ ਬਖਸ਼ਿਸ਼ ਹੋਈ, ਪਾਠੀ ਸਿੰਘ ਵੀ ਉਥੇ ਮਿਲ ਗਏ ਤੇ ਅਖੰਡ ਪਾਠ ਆਰੰਭ ਹੋ ਗਿਆ। ਉਸੇ ਕਾਰ ਵਿਚ ਫਿਰ ਉਹ ਚੂਨੇ ਮੰਡੀ ਸ੍ਰੀ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਪੁਜੇ। ਇਕ ਹਜ਼ਾਰ ਦਮੜਾ ਭੇਟਾ ਰਖ ਕੇ, ਉਸੇ ਤਰ੍ਹਾਂ ਅਖੰਡਪਾਠ ਅਰੰਭ ਕਰਨ ਲਈ ਬੇਨਤੀ ਕੀਤੀ ਤੇ ਉਥੇ ਅਰੰਭ ਕਰਵਾ ਕੇ, ਛੇਵੀਂ ਪਾਤਸ਼ਾਹੀ ਦੇ ਗੁਰਦਵਾਰੇ ਮੁਜ਼ੰਗੀਂ ਪੁਜਾ। ਫਿਰ ਗੁਰਦਵਾਰਾ ਭਾਈ ਤਾਰੂ ਸਿੰਘ ਤੇ ਅਖੀਰ ਸ਼ਹੀਦ ਗੰਜ ਗੁਰਦਵਾਰੇ, ਪੰਜ ਅਖੰਡ ਪਾਠ ਰਖਵਾ ਦਿਤੇ। ਤੇ ਵਾਪਸ ਆ ਕੇ ਮਾਂ ਜੀ ਨੂੰ ਦਸਿਆ ਕਿ ਸਤਗੁਰੂ ਅਰਜਨ ਦੇਵ ਜੀ ਦੀ ਪਰਤੱਖ ਬਖ਼ਸ਼ਸ਼ ਨਾਲ ਪੰਜ ਅਖੰਡ ਪਾਠ, ਅਰਦਾਸ ਹੋ ਕੇ, ਸ਼ੁਰੂ ਹੋ ਗਏ ਹਨ।

ਹੁਣ ਸਾਡੀ ਬਾਬਤ ਸੁਣ ਲਵੋ। ਜਦੋਂ ਮੇਰੀ ਮੌਤ ਹੋ ਗਈ, ਮੇਰੀ ਆਤਮਾ ਨੂੰ ਉਸੇ ਵਕਤ ਦੋ ਜ਼ਮਦੂਤ ਲੈਣ ਆ ਗਏ। ਉਨ੍ਹਾਂ ਦੀ ਸ਼ਕਲ ਇਤਨੀ ਡਰਾਉਣੀ ਸੀ ਕਿ ਹੁਣ ਵੀ ਯਾਦ ਕਰ ਕੇ ਘਬਰਾਹਟ ਆ ਜਾਂਦੀ ਹੈ। ਤੁਸੀਂ ਤਸਵੀਰਾਂ ਵਿਚ ਦੇਖੀ ਹੋਣੀ ਹੈ। ਉਨ੍ਹਾਂ ਦੇ ਮੂੰਹ ਵਿਚੋਂ ਅਗ ਨਿਕਲ ਰਹੀ ਸੀ, ਅਖਾਂ ਬਹੁਤ ਹੀ ਡਰਾਉਣੀਆਂ ਸਨ, ਜਿਸ ਤਰ੍ਹਾਂ ਕਿ ਇਨ੍ਹਾਂ ਨੇ ਹੁਣੇ ਹੀ ਖਾ ਲੈਣਾ ਹੈ, ਉਨ੍ਹਾਂ ਦੇ ਹਥਾਂ ਵਿਚ ਤਰਸੂਲ ਫੜੇ ਹੋਏ ਸਨ। ਉਨ੍ਹਾਂ ਨੇ ਮੈਨੂੰ ਅਗੇ ਲਾ ਲਿਆ ਤੇ ਅਸੀਂ ਚਲੇ ਉਸ ਮਾਰਗ ਵਿਚ, ਜਿਸ ਰਸਤੇ ਬਾਬਤ ਸਤਿਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ "ਜਹ ਮਾਰਗ ਕੇ ਗਨੇ ਜਾਹਿ ਨ ਕੋਸਾ ॥" ਉਹ ਬੜਾ ਬਿਖਮ ਰਸਤਾ ਹੈ, ਅੰਧੇਰਾ ਹੈ, ਸਖ਼ਤ ਹਨੇਰਾ, ਵਿਚ ਮਿਟੀ ਘਟਾ, ਬਹੁਤ ਤਪਸ਼ ਤੇ ਇਤਨੀ ਗਰਮੀ ਕਿ ਘਬਰਾਹਟ ਨਾਲ ਜਾਨ ਨਿਕਲ ਰਹੀ ਹੁੰਦੀ ਸੀ। ਬੇਚੈਨੀ ਦੀ ਕੋਈ ਹਦ ਨਹੀਂ ਸੀ ਤੇ ਰੱਬ ਅਗੇ ਤਰਲੇ ਕਢ ਰਿਹਾ ਸਾਂ ਕਿ ਇਸ ਦਰਦਨਾਕ ਹਾਲਤ ਵਿਚ ਸਹਾਇਤਾ ਕਰੋ। ਇਸੇ ਹਾਲਤ ਵਿਚ ਕਾਫ਼ੀ ਦੇਰ ਗੁਜ਼ਰ ਗਈ। ਮੇਰੇ ਨਸੀਬਾਂ ਨਾਲ ਅਗੇ ਤੋਂ ਕੁਛ ਚਾਨਣ ਨਜ਼ਰ ਆਇਆ। ਥੋੜਾ ਜਿਹਾ ਹੋਰ ਅਗੇ ਗਏ ਤਾਂ ਇਕ-ਦਮ ਦਿਨ ਚੜ੍ਹਨ ਵਾਲਾ ਅੰਮ੍ਰਿਤ ਵੇਲਾ ਹੋ ਗਿਆ। ਮੇਰੀ ਹੈਰਾਨੀ ਦੀ ਹੱਦ ਨ ਰਹੀ ਜਦੋਂ ਮੈਂ ਦੇਖਿਆ ਕਿ ਸਾਹਮਣੇ ਇਕ ਖ਼ੂਬਸੂਰਤ ਬਾਗ ਹੈ, ਜੋ ਇਸ ਦੁਨੀਆ ਵਿਚ ਨਹੀਂ ਸੀ ਦੇਖਿਆ। ਫਲਦਾਰ ਦਰੱਖਤ, ਮਿੱਠੀ ਮਿੱਠੀ ਹਵਾ ਨਾਲ ਝੂਲ ਰਹੇ ਹਨ। ਜ਼ਮੀਨ ਤੇ ਉਹ ਪਹਾੜੀ ਹਰਿਆ ਘਾਹ ਹੈ ਜੋ ਮਖ਼ਮਲ ਜਿਹਾ ਨਰਮ ਤੇ ਮੋਟੇ ਗਦੇ ਜਿਹਾ ਹੈ। ਇਨ੍ਹਾਂ ਸਾਹਮਣੇ ਬੂਟਿਆਂ ਹੇਠ ਇਕ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਜ ਜਗ੍ਹਾ ਤੇ ਪ੍ਰਕਾਸ਼ ਹੋ ਰਿਹਾ ਹੈ। ਹਰ ਇਕ ਅਖੰਡਪਾਠ ਦੇ ਲਾਗੇ ਪੰਜ ਪੰਜ ਸਿੰਘ, ਸਫ਼ੇਦ ਕਪੜੇ ਤੇ ਸਫ਼ੇਦ ਦਾੜ੍ਹੇ ਵਾਲੇ ਖੜੇ ਹਨ, ਇਕ ਸਿੰਘ ਚੌਰ ਕਰ ਰਿਹਾ ਹੈ ਤੇ ਇਕ ਪਾਠ ਕਰਦਾ ਹੈ। ਮੇਰੇ ਲਈ ਇਹ ਇਕ ਨਵਾਂ ਹੀ ਸੁਪਨਾ ਜਿਹਾ ਨਕਸ਼ਾ ਸੀ। ਮੈਂ ਹੋਰ ਅਗੇ ਹੋ ਕੇ



www.AKJ.Org

ਪਾਠ ਸੁਣਨ ਦੀ ਕੋਸ਼ਸ਼ ਕੀਤੀ ਤਾਂ "ਮੰਨੇ ਕੀ ਗਤਿ ਕਹੀ ਨ ਜਾਇ" ਵਾਲੀ ਪਉੜੀ ਦਾ ਪਾਠ ਸੀ, ਮੈਂ ਲੇਟ ਕੇ ਹੋਰ ਅਗੇ ਹੋ ਕੇ ਸੁਨਣ ਦੀ ਕੋਸ਼ਸ਼ ਕੀਤੀ ਤਾਂ ਬੜੀ ਸੋਹਣੀ ਮਿਠੀ ਧੁਨ ਵਿਚ ਪਾਠੀ ਜੀ ਪਾਠ ਕਰ ਰਹੇ ਸਨ ਤੇ ਮੈਨੂੰ ਬੜਾ ਅਨੰਦ ਆ ਰਿਹਾ ਸੀ। ਇਕ-ਦਮ ਮੈਨੂੰ ਖਿਆਲ ਆਇਆ ਕਿ ਜਮਦੂਤਾਂ ਦਾ ਪਤਾ ਕਰਾਂ ਤੇ ਪਿਛੇ ਨੂੰ ਦੇਖਿਆ, ਉਹ ਉਸੇ ਹਨੇਰੇ ਵਿਚ ਖੜੇ ਸਨ ਤੇ ਮੈਨੂੰ ਪਿਛੇ ਆਉਣ ਲਈ ਇਸ਼ਾਰਾ ਕਰ ਰਹੇ ਸਨ। ਮੇਰੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ, ਜਦੋਂ ਮੈਂ ਖਿਆਲ ਕੀਤਾ ਕਿ ਇਹ ਹਨੇਰੇ ਤੋਂ ਅਗੇ ਚਾਨਣੇ ਵਿਚ ਨਹੀਂ ਆ ਸਕਦੇ ਤੇ ਮੈਂ ਹੁਣ ਇਥੇ ਪਾਠ ਹੀ ਸੁਨਣਾ ਹੈ ਤੇ ਮੈਂ ਇਨ੍ਹਾਂ ਪਾਸ ਨਹੀਂ ਜਾਵਾਂਗਾ। ਇਸ ਹਾਲਤ ਵਿਚ ਮੈਂ ਘਾਹ ਉਪਰ ਲੇਟੇ ਹੋਏ ਅਖਾਂ ਬੰਦ ਕਰ ਲਈਆਂ ਤੇ ਪਾਠ ਸੁਣਨ ਲਗ ਪਿਆ ਤੇ ਰੱਬ ਦਾ ਸ਼ੁਕਰ ਕੀਤਾ, ਜਿਸ ਨੇ ਉਨ੍ਹਾਂ ਜਮਦੂਤਾਂ ਪਾਸੋਂ ਛੁਟਕਾਰਾ ਕਰਵਾਇਆ ਹੈ–ਮੇਰੀ ਆਤਮਾ ਨੂੰ ਕੁਛ ਹੌਸਲਾ ਤੇ ਠੰਡ ਪੈ ਰਹੀ ਸੀ। ਉਥੇ ਮੈਂ ਕਾਫੀ ਚਿਰ ਪਾਠ ਸੁਣਦਾ ਰਿਹਾ।

ਮੇਰੀ ਆਤਮਾ ਸਵੇਰੇ ੮–੯ ਵਜੇ ਸਰੀਰ ਵਿਚੋਂ ਨਿਕਲ ਚੁਕੀ ਸੀ। ਇਸ ਤੋਂ ਪਿਛੋਂ ਭੀੜੀ ਗਲੀ ਵਿਚ ਪਤਾ ਨਹੀਂ ਕਿਤਨੀ ਦੇਰ ਚਲਦੇ ਰਹੇ, ਤੇ ਫਿਰ ਬਾਗ ਵਿਚ ਕਿਤਨੀ ਦੇਰ ਪਾਠ ਸੁਣਦਾ ਰਿਹਾ, ਤਕਰੀਬਨ ਦੋ ਵਜੇ ਦੇ ਕਰੀਬ, ਮੇਰੇ ਸਰੀਰ, ਜਿਸ ਉਪਰ ਕਪੜਾ ਪਾ ਕੇ ਢਕਿਆ ਹੋਇਆ ਸੀ, ਨੇ ਮਹਿਸੂਸ ਜਿਹਾ ਕੀਤਾ ਕਿ ਮੈਨੂੰ ਇਹ ਸਭ ਸੁਪਨਾ ਜਿਹਾ ਆ ਰਿਹਾ ਹੈ। ਇਕ-ਦਮ ਮੇਰੀ ਜਾਗ ਖੁਲ੍ਹ ਗਈ, ਮੈਂ ਹੋਸ਼ ਮਹਿਸੂਸ ਕੀਤੀ ਤੇ ਮੈਂ ਆਵਾਜ਼ ਦਿਤੀ, "ਬੀਬੀ ਜੀ!" ਉਹ ਮੇਰੇ ਪਾਸ ਹੀ ਕੁਰਸੀ ਤੇ ਬੈਠੇ ਸਨ, ਜਦੋਂ ਉਨ੍ਹਾਂ ਆਵਾਜ਼ ਸੁਣੀ ਤਾਂ ਚੀਕ ਮਾਰ ਕੇ, ਡਰ ਕੇ ਬਾਹਰ ਬਰਾਂਡੇ ਵਿਚ ਭਜ ਗਏ। ਉਨ੍ਹਾਂ ਨੇ ਉਸੇ ਵਕਤ ਡਾਕਟਰ ਸਾਹਿਬ ਨੂੰ ਬੁਲਾ ਭੇਜਿਆ। ਉਹ ਆ ਗਿਆ ਤੇ ਉਸ ਨੇ ਅੰਦਰ ਆਉਣ ਤੋਂ ਸਭ ਨੂੰ ਮਨ੍ਹਾ ਕਰ ਦਿਤਾ। ਕੁਰਸੀ ਉਤੇ ਪਾਸ ਹੀ ਬੈਠ ਗਿਆ। ਕਪੜਾ ਉਠਾ ਕੇ ਨਬਜ਼ ਦੇਖੀ, ਜੋ ਚਲ ਰਹੀ ਸੀ, ਸਾਹ ਆ ਰਿਹਾ ਸੀ। ਕੰਪਊਡਰ ਨੂੰ ਭੇਜ ਕੇ ਦਵਾਈ ਮੰਗਵਾਈ, ਜੋ ਮੈਂ ਉਸ ਦੇ ਕਹਿਣ ਤੇ ਪੀ ਲਈ। ਕੋਈ ਟਾਨਿਕ ਹੋਵੇਗੀ ਦਿਲ ਨੂੰ ਤਾਕਤ ਦੇਣ ਵਾਸਤੇ, ਫਿਰ ਮੇਰੇ ਨਾਲ ਗੱਲਾਂ ਕਰਨ ਲਗਾ। ਜਦੋਂ ਉਸ ਨੇ ਦੇਖਿਆ ਕਿ ਮੈਨੂੰ ਹੋਸ਼ ਆ ਗਈ ਹੈ ਤਾਂ ਕਹਿਣ ਲਗਾ, ਚੁਪ ਕਰਕੇ ਆਰਾਮ ਕਰੋ। ਇਕ ਘੰਟੇ ਪਿਛੋਂ ਫਿਰ ਨਬਜ਼ ਦੇਖੀ, ਸਾਹ ਆਉਂਦਾ ਦੇਖਿਆ, ਸਾਰੇ ਸਰੀਰ ਨੂੰ ਚੈੱਕ ਕੀਤਾ। ਫਿਰ ਮੇਰੀ ਮਾਂ ਨੂੰ ਬੁਲਾ ਕੇ ਬੜਾ ਗੁਸੇ ਹੋਇਆ ਤੇ ਕਹਿਣ ਲਗਾ, ਤੇਰਾ ਲੜਕਾ ਜੀਉ ਪਿਆ ਹੈ। ਪਤਾ ਨਹੀਂ ਕਿਵੇਂ ਹੋਇਆ, ਰੱਬ ਹੀ ਜਾਣ ਸਕਦਾ ਹੈ, ਪਰ ਤੂੰ ਬਹੁਤ ਖੁਸ਼ੀ ਨਾ ਮਨਾਈਂ, ਕਿਤੇ ਬਹੁਤ ਖੁਸ਼ ਹੋ ਕੇ ਮਰ ਜਾਵੇਂ।

ਮੇਰੀ ਮਾਤਾ ਜੀ ਨੇ ਡਾਕਟਰ ਨੂੰ ਦਸਿਆ ਕਿ ਇਸ ਅਕਾਲੀ ਖਾਲਸੇ ਨੇ ਅਜ ਪੰਜ ਅਖੰਡ ਪਾਠ ਰਖਵਾਏ ਹਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਖ਼ਸ਼ਸ਼ ਕਰ ਕੇ ਟੁਟੀ ਗੰਢ ਦਿਤੀ ਹੈ। ਡਾਕਟਰ ਸੁਣ ਕੇ ਬਹੁਤ ਖੁਸ਼ ਹੋਇਆ ਤੇ ਹੱਸ ਕੇ ਕਹਿਣ ਲਗਾ, "ਉਸ ਗੁਰੂ ਜੀ ਦਾ ਸ਼ੁਕਰ ਕਰੋ ਔਰ ਉਸੇ ਦਾ ਪਾਠ ਕੀਆ ਕਰੋ, ਜੋ ਇਤਨਾ ਮੇਹਰਬਾਨ ਹੈ।"

ਜਸਵੰਤ ਸਿੰਘ ਇਕ ਦਿਨ ਵਿਚ ਬਿਲਕੁਲ ਠੀਕ ਹੋ ਗਿਆ ਸੀ। ਫਿਰ ਉਹ ਆਪਣੀ ਮਾਤਾ ਜੀ ਤੇ ਉਸ ਗੁਰਮੁਖ ਅਕਾਲੀ ਨਾਲ ਕਾਰ ਵਿਚ ਜਾ ਕੇ ਪੰਜੇ ਅਖੰਡ ਪਾਠਾਂ ਦੇ ਭੋਗ ਤੇ ਪੁਜੇ ਅਤੇ ਹਾਜ਼ਰੀ ਭਰ ਕੇ ਕੀਰਤਨ ਕਰਵਾਇਆ ਤੇ ਇਕ ਇਕ ਹਜ਼ਾਰ ਦਮੜਾ ਗੁਰਦਵਾਰਿਆਂ ਨੂੰ ਭੇਟ ਕੀਤਾ।

---

**ਪਾਠਕ ਜੀ**–ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ, ਜੋ ਤੁਹਾਡੇ ਹਰ 'ਸੂਰੇ' ਉਪਰ ਐਡਰੈਸ ਤੋਂ ਪਹਿਲਾਂ ਲਿਖਿਆ ਹੁੰਦਾ ਹੈ।



www.AKJ.Org

# ਕੀ "ਚਿਤਰ ਗੁਪਤ" ਆਦਿ ਹਸਤੀਆਂ ਕੋਈ ਨਹੀਂ ?

ਪੰਥ ਦੇ ਉਘੇ ਵਿਦਵਾਨ ਤੇ ਗਿਆਨਵਾਨ ਗਿਆਨੀ ਜੀ ਦੇ ਲੈਕਚਰ ਛਪੇ ਹੋਏ ਹਨ। ਪੁਸਤਕ ਦੇ ਦੂਜੇ ਭਾਗ ਵਿਚ ਇਕ ਲੇਖ ਹੈ 'ਚਿਤਰ ਗੁਪਤ'।

'ਚਿਤਰ ਗੁਪਤ' ਸ਼ਬਦ ਦੀ ਇਸ ਲੇਖ ਵਿਚ ਦਿਤੀ ਵਿਆਖਿਆ ਪੜ੍ਹ ਕੇ ਬਹੁਤ ਹੈਰਾਨੀ ਹੋਈ ਹੈ ਅਤੇ ਇਸ ਗੱਲ ਨੂੰ ਨਿਖਾਰਨ ਦੀ ਲੋੜ ਭਾਸੀ ਹੈ। ਇਸ ਲਈ ਗੁਰਬਾਣੀ ਦੀ ਅੰਦਰਲੀ ਗਵਾਹੀ ਹੀ ਸਹਾਈ ਹੋ ਸਕਦੀ ਹੈ।

ਗਿਆਨੀ ਜੀ ਇਸ ਲੇਖ ਦੇ ਅਰੰਭ ਵਿਚ ਕਹਿੰਦੇ ਹਨ—

> "ਚਿਤ ਦਾ ਅਰਥ ਹੈ ਚੇਤਾ-ਸ਼ਕਤੀ, ਅਰ ਇਸੇ ਚਿਤ ਨੂੰ 'ਚਿਤਰ ਗੁਪਤ' ਵੀ ਕਿਹਾ ਗਿਆ ਹੈ। ਚਿਤਰ ਗੁਪਤ ਦੇ ਅੱਖਰੀਂ ਅਰਥ ਕਰੀਏ ਤਾਂ 'ਉਹ ਤਸਵੀਰ ਜੋ ਦਿਖਦੀ ਨਹੀਂ'। ਅਸੀਂ ਸਾਖੀਆਂ ਨਾਲ, ਕਹਾਣੀਆਂ ਨਾਲ ਸਮਝਣ ਦੀ ਕੋਸ਼ਸ਼ ਕਰਦੇ ਹਾਂ।" ਪੰਨਾ ੧੦੩

ਫਿਰ ਅਗੇ ਜਾ ਕੇ ਲਿਖਿਆ ਹੋਇਆ ਹੈ—

> "ਫਿਰ ਚਿਤਰ ਗੁਪਤ ਦੀ ਬੜੀ ਗ਼ਜ਼ਬ ਦੀ ਸਾਖੀ ਘੜੀ ਗਈ, ਬਈ ਬੈਠਾ ਹੈ ਰੱਬ ਦੇ ਦਰਬਾਰ ਵਿਚ, ਤੇ ਬੰਦਿਆਂ ਦਾ ਹਿਸਾਬ ਲਿਖੀ ਜਾ ਰਿਹਾ ਹੈ। **ਐਸੀ ਕੋਈ ਗੱਲ ਨਹੀਂ ਹੈ।** ਚਿਤਰ ਗੁਪਤ ਸੰਸਕ੍ਰਿਤ ਦਾ ਸ਼ਬਦ ਹੈ। ਇਸ ਦੇ ਅੱਖਰੀਂ ਅਰਥ ਨੇ 'ਉਹ ਤਸਵੀਰ ਜਿਹੜੀ ਗੁਪਤ ਹੈ——ਚਿਤਰ ਗੁਪਤ'।" ਪੰਨਾ ੧੦੪

ਉਪਰਲੇ ਦੋਵੇਂ ਪੈਰੇ ਪੜ੍ਹ ਕੇ ਇਹੋ ਸਮਝ ਪਈ ਹੈ ਕਿ ਸਹੀ ਅਰਥਾਂ ਵਿਚ 'ਚਿਤਰ ਗੁਪਤ' ਕੋਈ ਵਖਰੇ ਵਿਅਕਤੀ ਨਹੀਂ ਹਨ, ਸਗੋਂ ਗੁਰਬਾਣੀ ਵਿਚ 'ਚਿਤਰ ਗੁਪਤ' ਬਾਰੇ ਦਿਤੇ ਸੰਕੇਤ ਕੇਵਲ ਜੀਵ ਦੇ ਅੰਦਰਲੇ ਲੁਕੇ ਹੋਏ ਚਿਤਰਾਂ ਵਲ ਹੀ ਇਸ਼ਾਰਾ ਕਰ ਰਹੇ ਹਨ। ਇਸ ਤੋਂ ਵਧ ਹੋਰ ਕੋਈ ਗੱਲ ਹੀ ਨਹੀਂ। ਪੁਰਾਣੇ ਬਜ਼ੁਰਗਾਂ ਨੇ ਜੀਵ ਮਾਤਰ ਨੂੰ ਸਮਝਾਣ ਵਾਸਤੇ ਸਾਖੀਆਂ ਨਾਲ, ਕਹਾਣੀਆਂ ਨਾਲ ਸਮਝਾਣ ਦੀ ਕੋਸ਼ਸ਼ ਕੀਤੀ ਹੈ।

ਜਦੋਂ ਅਸੀਂ ਚਿਤਰ ਗੁਪਤ ਦੀ ਹਸਤੀ ਕੋਈ ਨਹੀਂ ਮੰਨਾਂਗੇ ਤਾਂ ਫਿਰ ਜੀਵ ਦੇ ਅੰਦਰਲੇ ਗੁਪਤ ਚਿਤਰਾਂ ਨੂੰ ਸਮਝਣ ਸਮਝਾਣ ਲਈ ਜਿਨ੍ਹਾਂ ਸਾਖੀਆਂ ਜਾਂ ਕਹਾਣੀਆਂ ਦੀ ਓਟ ਲਵਾਂਗੇ, ਉਨ੍ਹਾਂ ਦੀ ਅਸਲੀਅਤ ਵੀ ਕੋਈ ਨਹੀਂ ਰਹਿੰਦੀ। ਫਿਰ ਇਹ ਸਾਖੀਆਂ ਅਤੇ ਕਹਾਣੀਆਂ ਮਨੋ-ਕਲਿਪਤ ਅਤੇ ਆਪੇ ਘੜੀਆਂ ਹੋਈਆਂ ਹੀ ਰਹਿ ਜਾਂਦੀਆਂ ਹਨ। ਦੂਜੇ ਪਾਸੇ ਗੁਰਬਾਣੀ ਦਾ ਫ਼ੁਰਮਾਨ ਹੈ—

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਇ ॥੨॥੧੪॥

ਮ: ੪, ਵਾਰ ਗਉੜੀ, ਪੰਨਾ ੩੦੮

ਕੀ ਗੁਰਬਾਣੀ ਵਿਚ ਸਮਝਣ-ਸਮਝਾਣ ਲਈ ਕੋਈ ਸਾਖੀਆਂ ਜਾਂ ਕਹਾਣੀਆਂ ਅਜਿਹੀਆਂ ਦਿਤੀਆਂ ਹੋਈਆਂ ਹਨ, ਜਿਨ੍ਹਾਂ ਦੀ ਹੋਂਦ ਹੀ ਕੋਈ ਨਹੀਂ? ਕੀ ਇਹ ਨਿਰੀ ਕਲਪਣਾ ਹੈ? ਐਸਾ ਸੋਚਣਾ ਗੁਰੂ ਪ੍ਰਤੀ ਸ਼ਰਧਾ ਘਟਾਣ ਦੇ ਤੁਲ ਹੈ?

ਹੁਣ ਅਸੀਂ ਗੁਰਬਾਣੀ ਵਿਚ 'ਚਿਤਰ ਗੁਪਤ' ਦਾ ਜੋ ਜ਼ਿਕਰ ਮਿਲਦਾ ਹੈ ਉਨ੍ਹਾਂ ਵਿਚੋਂ ਕੁਝ ਤੁਕਾਂ ਨੂੰ ਵਿਚਾਰ ਕੇ ਦੇਖਦੇ ਹਾਂ ਕਿ ਕੀ ਇਨ੍ਹਾਂ ਵਿਚ ਕੇਵਲ ਮਨੁਖ ਦੇ ਅੰਦਰਲੇ ਲੁਕੇ ਹੋਏ ਚਿਤਰਾਂ ਦਾ ਹੀ ਜ਼ਿਕਰ ਹੈ, ਜਾਂ ਕਿ ਇਹ ਕੋਈ ਵਖਰੀਆਂ ਵਿਅਕਤੀਆਂ ਹਨ।



www.AKJ.Org

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ–'ਸੋ ਦਰੁ' ਦੀ ਪਉੜੀ ਜਪੁਜੀ ਵਿਚ, ਰਹਿਰਾਸਿ ਸਾਹਿਬ ਵਿਚ ਅਤੇ ਆਸਾ ਰਾਗ ਦੇ ਅਰੰਭ ਵਿਚ––ਤਿੰਨ ਵਾਰੀ ਥੋੜੇ ਬਹੁਤੇ ਸ਼ਬਦੀ ਤੇ ਲਗਮਾਤ੍ਰੀ ਫ਼ਰਕ ਨਾਲ ਦਿਤੀ ਹੋਈ ਹੈ। ਇਸ ਪਉੜੀ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਹੇ ਵਾਹਿਗੁਰੂ! ਪਉਣ, ਪਾਣੀ, ਬੈਸੰਤਰ, ਧਰਮ ਰਾਜਾ, ਚਿਤਰ ਗੁਪਤ, ਈਸ਼ਰ, ਬ੍ਰਹਮਾ, ਦੇਵੀ ਦੇਵਤੇ, ਇੰਦਰ ਦੇਵਤਾ, ਸਿਧ ਸਾਧਿਕ, ਜਤੀ ਸਤੀ ਸੰਤੋਖੀ, ਬਹਾਦਰ ਸੂਰਮੇ, ਪੰਡਿਤ, ਰਖੀਸਰ, ਸੁਰਗ ਮਛ ਪਇਆਲ ਦੀਆਂ ਮੋਹਣੀਆਂ, ਖੰਡਾਂ ਮੰਡਲਾਂ ਵਰਭੰਡਾਂ ਦੀਆਂ ਚਾਰੇ ਖਾਣੀਆਂ, ਆਦਿ ਸਾਰੇ ਹੀ ਤੇਰਾ ਜਸ ਗਾ ਰਹੇ ਹਨ।

ਇਸ ਪਉੜੀ ਵਿਚ ਜਿਨ੍ਹਾਂ ਗਾਉਣ ਵਾਲਿਆਂ ਦਾ ਜ਼ਿਕਰ ਹੈ, ਉਹ ਸਾਰੀਆਂ ਹੀ ਹੋਂਦ ਵਾਲੀਆਂ ਹਸਤੀਆਂ ਹਨ। ਇਨ੍ਹਾਂ ਗਾਉਣ ਵਾਲਿਆਂ ਵਿਚ 'ਚਿਤਰ ਗੁਪਤ' ਵੀ ਮੌਜੂਦ ਹਨ। ਫਿਰ ਬਾਕੀ ਹੋਂਦ ਵਾਲੀਆਂ ਹਸਤੀਆਂ ਵਾਂਗੂ ਇਹ ਵੀ ਹੋਂਦ ਵਾਲੇ ਹੀ ਹੋਏ। ਇਹ ਅੰਦਰਲੇ ਗੁਪਤ ਚਿਤਰ ਦੀ ਗੱਲ ਕਿਵੇਂ ਹੋਈ? ਜਪੁਜੀ ਦੀ ਤੁਕ ਹੈ–

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ॥

ਸ਼ਬਦਾਰਥ ਵਿਚ ਇਸ ਉਪਰ ਨੋਟ ਦਿਤਾ ਹੋਇਆ ਹੈ–"ਧਰਮਰਾਜ ਦੇ ਮੁਨਸ਼ੀ ਚਿਤਰ ਗੁਪਤ ਭੀ ਤੈਨੂੰ ਗਾਉਂਦੇ ਹਨ, ਜੋ ਮਨੁਖਾਂ ਦੇ ਕਰਮਾਂ ਨੂੰ ਲਿਖਣਾ ਜਾਣਦੇ ਹਨ ਅਤੇ ਜਿਨ੍ਹਾਂ ਦੇ ਲਿਖੇ ਉਤੇ ਧਰਮਰਾਜ ਜੀਵਾਂ ਦੀ ਗਤੀ ਵਿਚਾਰਦਾ ਹੈ। (ਸ਼ਬਦਾਰਥ ਪੰਨਾ ੬)

ਹੋਰ ਕੁਝ ਤੁਕਾਂ ਹੇਠ ਦਿਤੀਆਂ ਜਾਂਦੀਆਂ ਹਨ, ਜਿਨ੍ਹਾਂ ਦੇ ਅਰਥ ਵਿਦਵਾਨ ਟੀਕਾਕਾਰ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਅਧਾਰ ਤੇ ਨਾਲ ਨਾਲ ਦਿਤੇ ਜਾਂਦੇ ਹਨ, ਜਿਨ੍ਹਾਂ ਤੋਂ ਸਾਨੂੰ ਸਪਸ਼ਟ ਹੋ ਸਕਦਾ ਹੈ ਕਿ 'ਚਿਤਰ ਗੁਪਤ' ਦੇ ਅਸਲ ਵਿਚ ਕੀ ਅਰਥ ਹਨ।

(੨) ਜਬ ਅਬਿਗਤ ਅਗੋਚਰ ਪ੍ਰਭ ਏਕਾ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ॥੩॥੨੧॥
(ਗਉੜੀ ਸੁਖਮਨੀ ਮਹਲਾ ੫)

**ਪਦ ਅਰਥ**–ਚਿਤ੍ਰ ਗੁਪਤ=ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਪੁਛਣ ਵਾਲੇ।

**ਅਰਥ**–ਜਦੋਂ ਅਦ੍ਰਿਸ਼ਟ ਤੇ ਅਗੋਚਰ ਪ੍ਰਭੂ ਆਪ ਹੀ ਸੀ, ਤਦੋਂ ਚਿਤਰ ਗੁਪਤ ਕਿਸ ਨੂੰ ਲੇਖਾ ਪੁਛ ਸਕਦੇ ਸਨ? ਦਰਪਣ, ਪੋਥੀ ਦੂਜੀ, ਪੰਨਾ ੭੦੦

(੩) ਚਿਤ੍ਰ ਗੁਪਤੁ ਸਭ ਲਿਖਤੇ ਲੇਖਾ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥੪॥੪੦॥੯੧॥
ਆਸਾ ਮਹਲਾ ੫, ਪੰਨਾ ੩੯੩

**ਪਦ ਅਰਥ**–ਚਿਤ੍ਰ ਗੁਪਤ=ਜੀਵਾਂ ਦੇ ਕਰਮਾਂ ਦੇ ਗੁਪਤ ਚਿਤ੍ਰ ਲਿਖਣ ਵਾਲੇ।

**ਅਰਥ**–(ਹੇ ਭਾਈ! ਮਾਇਆ-ਵੇੜ੍ਹੇ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਣ ਵਾਲੇ) ਚਿਤ੍ਰ ਗੁਪਤ ਸਭ ਜੀਵਾਂ ਦੇ ਕੀਤੇ ਕਰਮਾਂ ਦਾ ਹਿਸਾਬ ਲਿਖਦੇ ਰਹਿੰਦੇ ਹਨ, ਪਰ ਪਰਮਾਤਮਾ ਦੀ ਭਗਤੀ ਕਰਨ ਵਾਲਿਆਂ ਬੰਦਿਆਂ ਵਲ ਉਹ ਅੱਖ ਪੁਟ ਕੇ ਭੀ ਨਹੀਂ ਤੱਕ ਸਕਦੇ।

ਦਰਪਣ ਪੋਥੀ ੩, ਪੰਨਾ ੨੪੮-੪੯

ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਅਣਡਿਠੀ ਦੁਨੀਆ' ਵਿਚ ਉਪਰੋਕਤ ਤੁਕਾਂ ਤੋਂ ਪਹਿਲੋਂ ਦੇ ਦੋ ਬੰਦ ਨਾਲ ਦੇ ਕੇ ਇਨ੍ਹਾਂ ਦੀ ਅਰਥ-ਵਿਆਖਿਆ ਕੀਤੀ ਹੈ–

ਜਹ ਲਾਲਚ ਜਾਗਾਤੀ ਘਾਟ॥ ਦੂਰਿ ਰਹੀ ਉਹ ਜਨ ਤੇ ਬਾਟ॥੨॥
ਜਹ ਆਵਟੇ ਬਹੁਤ ਘਨ ਸਾਥ॥ ਪਾਰਬ੍ਰਹਮ ਕੇ ਸੰਗੀ ਸਾਧ॥੩॥
ਚਿਤ੍ਰ ਗੁਪਤੁ ਸਭ ਲਿਖਤੇ ਲੇਖਾ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ॥੪॥



www.AKJ.Org

ਭਾਵ–ਅਗੇ ਜਾ ਕੇ, ਜਿਥੇ ਲੋਭ ਦਾ ਮਸੂਲ-ਪਤਣ ਹੈ; ਉਹ ਰਸਤਾ ਭਗਤਾਂ ਤੋਂ ਦੂਰ ਲਾਂਭੇ ਹੀ ਰਹਿ ਜਾਂਦਾ ਹੈ। ਜਿਥੇ ਬਹੁਤ ਸਾਰੇ ਕਾਫ਼ਲੇ ਪੀੜੇ ਤਪਾਏ ਜਾਂਦੇ ਹਨ, ਓਥੇ ਸਾਧ ਲੋਕਾਂ ਨੂੰ ਕੋਈ ਤੌਖਲਾ ਨਹੀਂ ਹੁੰਦਾ, ਕਿਉਂਕਿ ਉਹ ਤਾਂ ਪਾਰਬ੍ਰਹਮ ਦੇ ਦੇਸ ਦੇ ਵਾਸੀ ਹੁੰਦੇ ਹਨ। ਵਾਹਿਗੁਰੂ ਉਹਨਾਂ ਦੇ ਅੰਗ ਸੰਗ ਹੁੰਦਾ ਹੈ, ਉਹ ਵਾਹਿਗੁਰੂ ਦੇ ਅੰਗ ਸੰਗ ਰਹਿੰਦੇ ਹਨ।

ਹੋਰਨਾਂ ਸਾਰਿਆਂ ਭਗਤਿ-ਹੀਣਿਆਂ ਦੇ ਲੇਖੇ ਚਿਤਰ ਗੁਪਤ ਲਿਖਦੇ ਹਨ, ਪਰ ਭਗਤ ਜਨਾਂ ਵਲ ਇਹ ਚਿਤਰ ਗੁਪਤ ਅੱਖ ਭਰ ਕੇ ਭੀ ਨਹੀਂ ਝਾਕ ਸਕਦੇ।

ਇਸ ਵਾਕ ਦੀ ਵਿਆਖਿਆ ਕਰਦੇ ਹੋਏ ਭਾਈ ਸਾਹਿਬ ਅਗੇ ਲਿਖਦੇ ਹਨ–

"ਇਸ ਗੁਰਵਾਕ ਤੋਂ ਸਿਧ ਹੋਇਆ ਕਿ ਪਰਲੋਕ ਦੀ ਅਣਡਿਠੀ ਰਚਨਾ ਵਿਚ ਜਮ-ਜਾਗਾਤੀਆਂ ਦੇ ਪੱਤਣ-ਘਾਟ ਭੀ ਬਣੇ ਹੋਏ ਹਨ। ਚਿਤਰ ਗੁਪਤ (ਧਰਮ ਰਾਇ ਦੇ ਮੁਨਸ਼ੀਆਂ) ਦੇ ਮਹਿਕਮੇ ਅਲੱਗ ਹਨ। ਦਫਤਰਾਂ ਦੇ ਦਫਤਰ ਉਥੇ ਖੁਲ੍ਹੇ ਹੋਏ ਹਨ। ਖੰਨਿਓਂ ਤਿਖੇ ਵਾਲਹੁ ਨਿਕੇ ਥਾਉਂ ਅੜਰੇ ਬਣੇ ਹੋਏ ਹਨ। ਅਜਿਹੇ ਥਾਉਂ ਮੌਤ ਦੇ ਘਾਟ ਲੰਘ ਕੇ ਮੁੜ ਕੇ ਦੇਖ ਕੇ ਕਈ ਪ੍ਰਾਣੀ ਆਏ ਹਨ। ਇਕ ਨਹੀਂ, ਅਨੇਕਾਂ ਮਿਸਾਲਾਂ ਮੌਜੂਦ ਹਨ।"

"ਪਹਿਲੀ ਪਲੇਗ ਜਦੋਂ ਪੰਜਾਬ ਆਈ ਹੈ, ਉਦੋਂ ਪਲੇਗ ਡੀਊਟੀ ਤੇ ਮੈਂ ਨਾਇਬ ਤਸੀਲਦਾਰ ਲਗਾ ਹੋਇਆ ਸੀ। ਅਜਿਹੇ ਕਈ ਕੇਸ ਉਦੋਂ ਦੇਖੇ ਕਿ ਉਹ ਮਰ ਕੇ ਫੇਰ ਜੀਉਂਦੇ ਹੋ ਗਏ ਅਤੇ ਉਹਨਾਂ ਦੇ ਮੁੜ ਜੀਉ ਉਠਣ ਸਾਰ ਉਹਨਾਂ ਦੇ ਨਾਮਾਂ ਦੇ ਹੋਰ ਆਦਮੀ ਉਸ ਘੜੀ ਹੀ ਮਰ ਗਏ। ਉਹਨਾਂ ਤੋਂ ਜ਼ਬਾਨੀ ਇਹ ਗੱਲਾਂ ਸੁਣੀਆਂ। ਜਿਥੇ ਜਿਥੇ ਉਹਨਾਂ ਨੂੰ ਅਗਲੀ ਅਣਡਿਠੀ ਦੁਨੀਆ ਵਿਚ ਫੜਨਹਾਰੇ ਫੜ ਕੇ ਲੈ ਜਾਂਦੇ ਰਹੇ ਅਤੇ ਮੁੜ ਕੇ ਫੇਰ ਵਾਪਸ ਲਿਆਉਂਦੇ ਰਹੇ, ਉਹਨਾਂ ਨੇ ਧਰਮ ਰਾਇ ਅਤੇ ਧਰਮ ਰਾਇ ਦੇ ਦਫਤਰ ਤੇ ਦਫਤਰੀ ਚਿਤਰ ਗੁਪਤ ਭੀ ਦੇਖੇ। ਲੇਖੇ ਦੀਆਂ ਵਹੀਆਂ ਭੀ ਦੇਖੀਆਂ। ਕੰਬਦਿਆਂ ਕੰਬਦਿਆਂ ਨੇ ਸਾਰੇ ਭਿਅੰਕਰ ਦ੍ਰਿਸ਼ ਦਸੇ, ਜੋ ਉਹਨਾਂ ਨੇ ਦੇਖੇ। ਕਈ ਸੰਤ-ਜਨਾਂ ਗੁਰਮੁਖ ਫ਼ਕੀਰ ਲੋਕਾਂ ਨੇ ਭੀ ਇਹ ਭਿਆਨਕ ਦ੍ਰਿਸ਼ ਦੇਖੇ, ਇਸ ਲੋਕ ਵਿਚ ਬੈਠਿਆਂ ਨੇ। ਜੀਉਂਦੇ ਜਾਗਦਿਆਂ ਨੇ ਹੀ ਇਹ ਝਾਕੀਆਂ ਅਣਡਿਠੀ ਦੁਨੀਆ ਦੀਆਂ ਦੇਖੀਆਂ। ਜੋ ਐਨ ਉਪਰ ਦਸੇ ਗੁਰਵਾਕਾਂ ਦੇ ਭਾਵ ਨਾਲ ਢੁਕਦੀਆਂ ਹਨ।"

(੪) ਬਾਬਾ, ਅਬ ਨ ਬਸਉ ਇਹ ਗਾਉ ॥ ਘਰੀ ਘਰੀ ਕਾ ਲੇਖਾ ਮਾਂਗੈ ਕਾਇਥੁ ਚੇਤੂ ਨਾਉ ॥੧॥ਰਹਾਉ॥

(ਮਾਰੂ ਕਬੀਰ ਜੀ, ਪੰਨਾ ੧੧੦੪)

ਪਦ ਅਰਥ–ਕਾਇਥ=ਕਾਇਸਥ (ਉਧਰ ਆਮ ਤੌਰ ਤੇ ਕਾਇਸਥ ਹੀ ਪੜ੍ਹੇ ਲਿਖੇ ਤੇ ਪਟਵਾਰੀ ਹੁੰਦੇ ਸਨ) ਪਟਵਾਰੀ। ਚੇਤੂ=ਚਿੱਤਰ ਗੁਪਤ।

ਅਰਥ :–ਹੇ ਬਾਬਾ! ਹੁਣ ਮੈਂ ਇਸ ਪਿੰਡ ਵਿਚ ਨਹੀਂ ਵਸਣਾ, ਜਿਥੇ ਰਿਹਾਂ ਉਹ ਪਟਵਾਰੀ, ਜਿਸ ਦਾ ਨਾਮ ਚਿਤਰ ਗੁਪਤ ਹੈ, ਹਰੇਕ ਘੜੀ ਦਾ ਲੇਖਾ ਮੰਗਦਾ ਹੈ।੧।ਰਹਾਉ॥

(ਦਰਪਣ ਪੋਥੀ ਅਠਵੀਂ, ਪੰਨਾ ੧੦੦)

(੫) ਦੇਇ ਕਿਵਾੜ ਅਨਿਕ ਪੜਦੇ ਮਹਿ, ਪਰ ਦਾਰਾ ਸੰਗਿ ਫਾਕੈ ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ, ਤਬ ਕਉਣੁ ਪੜਦਾ ਤੇਰਾ ਢਾਕੈ ॥੩॥੩੬॥

(ਸੋਰਠਿ ਮਹਲਾ ੫, ਪੰਨਾ ੬੧੬)

ਪਦ ਅਰਥ :–ਚਿਤ੍ਰ ਗੁਪਤੁ=ਧਰਮ ਰਾਜ ਦੇ ਮੁਨਸ਼ੀ।

ਅਰਥ :–(ਮਾਇਆ ਦੇ ਮੋਹ ਦੇ ਹਨੇਰੇ ਵਿਚ ਫਸਿਆ ਮਨੁਖ) ਦਰਵਾਜ਼ੇ ਬੰਦ ਕਰ ਕੇ ਅਨੇਕਾਂ ਪਰਦਿਆਂ


www.AKJ.Org

ਦੇ ਪਿਛੇ ਪਰਾਈ ਇਸਤ੍ਰੀ ਨਾਲ ਕੁਕਰਮ ਕਰਦਾ ਹੈ। (ਪਰ, ਹੇ ਭਾਈ!) ਜਦੋਂ (ਧਰਮ ਰਾਜ ਦੇ ਦੂਤ) ਚਿਤ੍ਰ ਅਤੇ ਗੁਪਤ (ਤੇਰੀਆਂ ਕਰਤੂਤਾਂ ਦਾ) ਹਿਸਾਬ ਮੰਗਣਗੇ, ਤਦੋਂ ਕੋਈ ਭੀ ਤੇਰੀਆਂ ਕਰਤੂਤਾਂ ਉਤੇ ਪਰਦਾ ਨਹੀਂ ਪਾ ਸਕੇਗਾ।੩। (ਦਰਪਣ ਪੋਥੀ ਚੌਥੀ, ਪੰਨਾ ੫੯੪)

ਸਤਿਕਾਰ ਯੋਗ ਗਿਆਨੀ ਜੀ ਆਪਣੇ ਲੇਖ ਵਿਚ "ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ" ਦੇ ਕੇ ਉਸ ਦੇ ਅਰਥ ਤਾਂ ਕਰਦੇ ਕੋਈ ਨਹੀਂ, ਪਰ ਆਪਣੇ ਮਿਥੇ ਹੋਏ ਟੀਚੇ ਅਨੁਸਾਰ ਇਨ੍ਹਾਂ ਤੁਕਾਂ ਦੀ ਵਿਆਖਿਆ ਇਉਂ ਕਰਦੇ ਹਨ :–

"ਇਥੇ ਜੋ ਕੁਝ ਤੂੰ ਕਰਦਾ ਰਿਹਾ ਹੈਂ, ਉਸ ਤੇ ਪਰਦੇ ਪਾਂਦਾ ਰਿਹਾ ਹੈਂ, ਆਪਣੀਆਂ ਕਰਤੂਤਾਂ ਦਾ ਦੂਜਿਆਂ ਨੂੰ ਨਹੀਂ ਪਤਾ ਚਲਣ ਦਿਤਾ, ਤੇ ਜਦ ਇਹ ਸਰੀਰ ਦਾ ਪਰਦਾ ਵੀ ਹਟ ਗਿਆ ਤੇ ਬਾਕੀ ਦੇ ਪਰਦੇ ਵੀ ਸੜ ਗਏ, ਤੋ ਦਸ ਫਿਰ ਅਗੇ ਹੁਣ ਕਿਸ ਨੇ ਪਰਦਾ ਪਾਣਾ ਹੈ।...... ਸਮਝਾਉਣ ਦਾ ਢੰਗ ਹੈ, ਉਹ ਜਿਹੜਾ ਚਿਤਰ ਗੁਪਤ ਹੈ, ਜਿਸ ਦੇ ਉਪਰ ਤੂੰ ਪਰਦੇ ਪਾ ਕੇ ਰਖੇ ਹੋਏ ਹਨ, ਉਹ ਪਰਦੇ ਸਾਰੇ ਉਘੜ ਜਾਂਦੇ ਹਨ।"

ਗਿਆਨੀ ਜੀ ਦੇ ਉਪਰੋਕਤ ਵਿਚਾਰ ਬੜੇ ਉਤਮ ਹਨ ਤੇ ਪ੍ਰਾਣੀ ਮਾਤਰ ਨੂੰ ਹਲੂਣਦੇ ਹਨ ਕਿ ਉਹ ਅੰਦਰ ਲੁਕ ਕੇ ਪਾਪ ਕਮਾਉਣ ਤੋਂ ਸੰਕੋਚ ਕਰਨ। ਪਰ ਨਾਲ ਹੀ ਬੇਨਤੀ ਹੈ ਕਿ "ਚਿਤ੍ਰ ਗੁਪਤੁ ਜਬ ਲੇਖਾ ਮਾਗਹਿ" ਦਾ ਅਰਥ ਗੁਰਬਾਣੀ ਦੀ ਲਿਖਤ ਅਨੁਸਾਰ ਹੀ ਕੀਤਾ ਜਾਣਾ ਬਣਦਾ ਹੈ। "ਜਬ ਲੇਖਾ ਮਾਗਹਿ" ਦਾ ਅਰਥ ਤਾਂ ਕੇਵਲ ਇਕੋ ਹੀ ਹੋ ਸਕਦਾ ਹੈ, "ਜਦੋਂ ਲੇਖਾ ਮੰਗਣਗੇ।" 'ਮਾਗਹਿ' ਬਹੁ-ਵਚਨ ਦੀ ਕਿਰਿਆ ਹੈ ਅਤੇ ਅਰਥ ਹੈ 'ਮੰਗਣਗੇ'। ਕੌਣ ਮੰਗਣਗੇ ? ਚਿਤ੍ਰ ਗੁਪਤ। ਗੱਲ ਤਾਂ ਸਾਫ਼ ਹੈ ਕਿ ਲੇਖਾ ਉਹੀ ਮੰਗ ਸਕਦੇ ਹਨ, ਜਿਨ੍ਹਾਂ ਦੀ ਕੋਈ ਹੋਂਦ ਹੈ, ਹਸਤੀ ਹੈ। ਫਿਰ ਚਿਤ੍ਰ ਗੁਪਤ ਸੱਚ ਮੁੱਚ ਦੀ ਹਸਤੀ ਵਾਲੇ ਪ੍ਰਭੂ ਜੀ ਦੇ ਥਾਪੇ ਹੋਏ ਕਰਿੰਦੇ ਹਨ, ਐਵੇਂ ਸਮਝਣ ਸਮਝਾਣ ਲਈ ਕਹਾਣੀਆਂ ਹੀ ਨਹੀਂ ਘੜੀਆਂ ਹੋਈਆਂ।

(੬) ਚਿਤ੍ਰ ਗੁਪਤ ਕਾ ਕਾਗਦ ਫਾਰਿਆ, ਜਮਦੂਤਾਂ ਕਛੂ ਨ ਚਲੀ॥
ਨਾਨਕ ਸਿਖ ਦੇਇ ਮਨ ਪ੍ਰੀਤਮ, ਹਰਿ ਲਦੇ ਖੇਪ ਸਵਲੀ॥੩॥

ਸਿਰੀ ਰਾਗ ਮ: ੫ ਛੰਤ, ਪੰਨਾ ੭੯

**ਪਦ ਅਰਥ**–ਚਿਤ੍ਰ ਗੁਪਤ=ਧਰਮ ਰਾਜ ਦੇ ਦੋਵੇਂ ਮੁਨਸ਼ੀ ਮੰਨੇ ਗਏ ਹਨ, ਜੋ ਸਭ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਦੇ ਰਹਿੰਦੇ ਹਨ। [ਨੋਟ–ਲਫ਼ਜ਼ 'ਚਿਤ੍ਰ ਗੁਪਤ' ਦਾ ਭਾਵ ਹੈ 'ਗੁਪਤ ਚਿਤ੍ਰ', ਲੁਕਵੇਂ ਚਿਤ੍ਰ, ਉਹ ਚਿਤ੍ਰ ਜੋ ਮਨੁਖ ਦੀ ਨਜ਼ਰੋਂ ਉਹਲੇ ਰਹਿੰਦੇ ਹਨ। ਚਿਤ੍ਰ=ਕੀਤੇ ਕਰਮਾਂ ਦੇ ਸੰਸਕਾਰ। ਮਨੁਖ ਜਿਹੜੇ ਕਰਮ ਕਰਦਾ ਜਾਂਦਾ ਹੈ, ਉਹਨਾਂ ਦੇ ਸੰਸਕਾਰ ਉਸ ਦੇ ਮਨ ਵਿਚ ਬਣਦੇ ਜਾਂਦੇ ਹਨ। ਸਰੀਰ ਤਿਆਗਣ ਤੇ ਇਹ ਸੰਸਕਾਰ-ਮਈ ਮਨ ਜੀਵਾਤਮਾ ਦੇ ਨਾਲ ਜਾਂਦਾ ਹੈ।]

**ਅਰਥ**–(ਉਸ ਆਤਮਕ ਟਿਕਾਣੇ ਤੇ ਪਹੁੰਚਿਆ ਮਨੁਖ ਧਰਮਰਾਜ ਦੇ ਥਾਪੇ ਹੋਏ) ਚਿਤ੍ਰ ਗੁਪਤ ਦਾ ਲੇਖਾ ਪਾੜ ਦੇਂਦਾ ਹੈ, ਜਮਦੂਤਾਂ ਦਾ ਕੋਈ ਜ਼ੋਰ ਉਸ ਉਤੇ ਨਹੀਂ ਚਲ ਸਕਦਾ।

ਦਰਪਣ ਪੋਥੀ ਪਹਿਲੀ, ਪੰਨਾ ਪ੧੪

ਇਥੇ ਪ੍ਰੋਫੈਸਰ ਸਾਹਿਬ ਜੀ ਨੇ ਚਿਤ੍ਰ ਗੁਪਤ ਬਾਰੇ ਜੋ ਨੋਟ ਦਿਤਾ ਹੈ, ਕਾਫ਼ੀ ਹਦ ਤਕ ਭੁਲੇਖਾ-ਪਾਊ ਹੈ। ਜਾਪਦਾ ਹੈ ਕਿ ਇਸੇ ਨੋਟ ਦੀ ਸੇਧ ਵਿਚ ਮਾਨ ਯੋਗ ਗਿਆਨੀ ਜੀ ਨੇ ਵੀ ਇਸ ਨੂੰ ਦ੍ਰਿੜ੍ਹ ਕਰ ਲਿਆ ਹੈ ਅਤੇ ਆਪਣੇ ਛਪੇ ਲੈਕਚਰਾਂ ਵਿਚ ਖੁਲ੍ਹੇ ਤੌਰ ਤੇ ਹੀ, ਚਿਤ੍ਰ ਗੁਪਤ ਦੀ ਹਸਤੀ ਦੀ ਹੋਂਦ ਨੂੰ ਖ਼ਤਮ ਕਰਦਿਆਂ ਕਹਿੰਦੇ ਹਨ–"ਫਿਰ ਚਿਤਰ ਗੁਪਤ ਦੀ ਬੜੀ ਗ਼ਜ਼ਬ ਦੀ ਸਾਖੀ ਘੜੀ ਗਈ, ਬਈ ਬੈਠਾ ਹੈ ਰੱਬ ਦੇ ਦਰਬਾਰ ਵਿਚ, ਤੇ ਬੰਦਿਆਂ ਦਾ ਹਿਸਾਬ ਲਿਖੀ ਜਾ ਰਿਹਾ ਹੈ। ਐਸੀ ਕੋਈ ਗੱਲ ਨਹੀਂ ਹੈ।"



www.AKJ.Org

ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੇ ਕੀਤੇ ਅਰਥਾਂ ਅਨੁਸਾਰ ਹੇਠ ਲਿਖੀਆਂ ਤੁਕਾਂ ਵਿਚੋਂ ਇਸ ਨੋਟ ਵਿਚ 'ਚਿਤ੍ਰ ਗੁਪਤ' ਦੇ ਜੋ ਭਾਵ ਪ੍ਰਗਟ ਕੀਤੇ ਗਏ ਹਨ, ਉਹ ਇਨ੍ਹਾਂ ਤੁਕਾਂ ਵਿਚੋਂ ਪ੍ਰੋਫ਼ੈਸਰ ਜੀ ਵੀ ਨਹੀਂ ਦਸ਼ ਸਕੇ ਅਤੇ ਥਾਂ ਥਾਂ ਤੇ ਉਹ ਅਰਥਾਂ ਵਿਚ ਸਪਸ਼ਟ ਲਿਖਦੇ ਹਨ—ਚਿਤ੍ਰ ਗੁਪਤ=ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਪੁਛਣ ਵਾਲੇ, ਧਰਮ ਰਾਜ ਦੇ ਮੁਨਸ਼ੀ, ਆਦਿ। ਤੁਕਾਂ ਉਪਰ ਇਉਂ ਦਿਤੀਆਂ ਹੋਈਆਂ ਹਨ—

੧, ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ, ਲਿਖਿ ਲਿਖਿ ਧਰਮੁ ਵੀਚਾਰੇ ॥ (ਜਪੁ ਜੀ)

੨. ਜਬ ਅਬਿਗਤ ਅਗੋਚਰ ਪ੍ਰਭ ਏਕਾ ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ॥ (ਸੁਖਮਨੀ ਸਾਹਿਬ)

੩. ਚਿਤ੍ਰ ਗੁਪਤ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥ (੩੯੩)

੪. ਘਰੀ ਘਰੀ ਕਾ ਲੇਖਾ ਮਾਂਗੈ ਕਾਇਥੁ ਚੇਤੂ ਨਾਉ ॥ (੧੧੦੪)

੫. ਚਿਤ੍ਰ ਗੁਪਤ ਜਬ ਲੇਖਾ ਮਾਗਹਿ, ਤਬ ਕਉਣੁ ਪੜਦਾ ਤੇਰਾ ਢਾਕੈ ॥ (੬੧੬)

ਇਨ੍ਹਾਂ ਤੁਕਾਂ ਦੇ ਅਰਥ ਜੋ ਸਭ ਵਿਦਵਾਨਾਂ ਨੇ ਕੀਤੇ ਹਨ, ਉਨ੍ਹਾਂ ਅਰਥਾਂ ਤੋਂ ਇਹੀ ਸਪਸ਼ਟ ਹੈ ਕਿ ਚਿਤ੍ਰ ਗੁਪਤ ਸਚ ਮੁਚ ਹੋਂਦ ਵਾਲੀਆਂ ਹਸਤੀਆਂ ਹਨ। ਇਹ ਕੋਈ ਨਿਰੀਆਂ ਜੋੜੀਆਂ ਹੋਈਆਂ ਸਾਖੀਆਂ ਜਾਂ ਮਨੋ-ਕਲਪਤ ਕਹਾਣੀਆਂ ਦੇ ਅਧਾਰ ਤੇ ਬਨਾਉਟੀ ਖੜੇ ਨਹੀਂ ਕੀਤੇ ਹੋਏ।

ਵਾਹਿਗੁਰੂ ਜੀ ਦਾ ਕੀਤਾ ਹੋਇਆ ਸਭ ਕੁਝ ਸੱਚ ਹੈ ਅਤੇ ਧਰਮ ਰਾਜ, ਚਿਤ੍ਰ ਗੁਪਤ, ਜਮ ਦੂਤ, ਨਰਕ, ਸੁਰਗ, ਮੌਤ ਤੋਂ ਬਾਅਦ ਬਿਖੜੀਆਂ ਘਾਟੀਆਂ, ਹਨੇਰੇ ਰਸਤੇ, ਬਹੁਤ ਲੰਮੇ ਪੈਂਡੇ, ਭਿਆਨਕ ਦੂਤ ਆਦਿ (ਜਿਨ੍ਹਾਂ ਦਾ ਜ਼ਿਕਰ ਸੁਖਮਨੀ ਸਾਹਿਬ ਦੀ ਦੂਜੀ ਅਸ਼ਟਪਦੀ ਵਿਚ ਹੈ), ਧਰਮ ਰਾਜ ਦਾ ਦਫ਼ਤਰ, ਧਰਮਰਾਜ ਦੀਆਂ ਵਹੀਆਂ ਅਤੇ ਹਿਸਾਬ ਕਿਤਾਬ——ਇਨ੍ਹਾਂ ਸਭਨਾਂ ਦਾ ਜ਼ਿਕਰ ਗੁਰਬਾਣੀ ਵਿਚ ਸਪਸ਼ਟ ਰੂਪ ਵਿਚ ਆਉਂਦਾ ਹੈ। ਇਨ੍ਹਾਂ ਨੂੰ 'ਸਤਿ ਸਤਿ' ਕਰ ਕੇ ਮੰਨਣਾ ਹੀ ਸਾਡਾ ਫ਼ਰਜ਼ ਬਣਦਾ ਹੈ।

ਮਾਨਯੋਗ ਗਿਆਨੀ ਜੀ ਇਸੇ 'ਚਿਤਰ-ਗੁਪਤ' ਵਾਲੇ ਲੇਖ ਵਿਚ ਹੋਰ ਲਿਖਦੇ ਹਨ—

"ਧਰਮ-ਰਾਜ ਦੀ ਗੱਲ ਵੀ ਜਦ ਆਖਾਂਗੇ, ਬਈ ਅਗਾਂਹ ਚਲ ਕੇ ਬੜੀ ਮਾਰ ਪਵੇਗੀ, ਤੇ ਮੈਂ ਕਈ ਦਫ਼ਾ ਪੜ੍ਹ ਕੇ ਤੇ ਸੁਣ ਕੇ ਦੰਗ ਹੁੰਦਾ ਹਾਂ, ਬਈ ਕੈਸੀਆਂ ਕਹਾਣੀਆਂ ਬਣਾਈਆਂ ਹੋਈਆਂ ਨੇ। ਆਖਿਆ ਗਿਆ ਹੈ ਜਮਾਂ ਦੀ ਮਾਰ ਤੇ, ਆਪ ਨੂੰ ਪਤਾ ਹੋਵੇ ਜਿਸ ਦਾ ਅਰਥ ਬਸ ਇੰਨਾ ਹੀ ਹੈ ਕਿ ਜੰਮ ਪੈਣਾ। ਹੋਰ ਕੁਝ ਨਹੀਂ, ਕਤਈ ਨਹੀਂ, ਕਿ ਕੋਈ ਐਸੇ ਦੂਤ ਆਂਦੇ ਨੇ ਜੋ ਬੰਦੇ ਨੂੰ ਪਕੜਦੇ ਨੇ ਤੇ ਮਾਰ ਕੁਟਾਈ ਕਰਦੇ ਨੇ, ਇਹ ਗੱਲ ਨਹੀਂ।"

ਮਾਨ ਯੋਗ ਗਿਆਨੀ ਜੀ ਧਰਮ ਰਾਜ ਦੀ ਗੱਲ ਕਰਦਿਆਂ ਕਹਿੰਦੇ ਹਨ, ਬਈ ਅਗਾਂਹ ਚਲ ਕੇ ਬੜੀ ਮਾਰ ਪਵੇਗੀ, ਤੇ ਮੈਂ ਕਈ ਦਫ਼ਾ ਪੜ੍ਹ ਕੇ ਤੇ ਸੁਣ ਕੇ ਦੰਗ ਹੁੰਦਾ ਹਾਂ, ਬਈ ਕੈਸੀਆਂ ਕਹਾਣੀਆਂ ਬਣਾਈਆਂ ਹੋਈਆਂ ਹਨ।

ਇਸ ਸੰਬੰਧ ਵਿਚ ਅਰਜ਼ ਹੈ ਕਿ ਗੁਰੂ ਸਚੇ ਪਾਤਸ਼ਾਹ ਦੀ ਬਾਣੀ ਨੂੰ ਕਹਾਣੀਆਂ ਨਹੀਂ ਕਹਿ ਸਕਦੇ, ਸਗੋਂ ਅਕਾਲ ਪੁਰਖ ਦੀ ਦਰਗਾਹ ਵਿਚ ਜੋ ਹੋ ਵਰਤਦਾ ਹੈ, ਉਸ ਨੂੰ ਪ੍ਰਗਟ ਕੀਤਾ ਹੈ। ਗੁਰਵਾਕ ਹੈ—

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ, ਸੁ ਨਾਨਕੁ ਆਖਿ ਸੁਣਾਵੈ ॥੨॥ (੩੭੩)

ਇਹ ਕੋਈ ਕਿਆਫ਼ੇ ਜਾਂ ਕਿਆਸ-ਅਰਾਈਆਂ ਨਹੀਂ ਹਨ, ਸਗੋਂ ਅਟੱਲ ਸਚਿਆਈਆਂ ਹਨ—

ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥੩੬॥ (੮੯੪)

ਨਾਮ ਵਿਹੂਣੇ ਪਾਪੀ ਮਨੁਖਾਂ ਨੂੰ ਜਮਾਂ ਦੀ ਮੂੰਹ ਮੂੰਹ ਮਾਰ ਪੈਂਦੀ ਹੈ। ਇਸ ਬਾਰੇ ਗੁਰਬਾਣੀ ਵਿਚੋਂ ਥਾਂ-ਪਾ-ਥਾਂ ਸ਼ਾਅਦੀ ਮਿਲਦੀ ਹੈ, ਜਿਸ ਦਾ ਇਸ਼ਾਰੇ ਮਾਤਰ ਜ਼ਿਕਰ ਪਾਠਕ ਦੀ ਜਾਣਕਾਰੀ ਲਈ ਕੀਤਾ ਜਾਣਾ ਉਚਿਤ ਹੈ। ਗੁਰਵਾਕ :—



www.AKJ.Org

ੳ) ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥੯॥ (੧੪੨੫)
ਅ) ਏਹ ਜਮ ਕੀ ਸਿਰਕਾਰ ਹੈ, ਏਨਾ ਉਪਰਿ ਜਮ ਕਾ ਡੰਡ ਕਰਾਰਾ ॥
ਮਨਮੁਖਿ ਜਮ ਮਗਿ ਪਾਈਅਨ੍ਹਿ ਜਿਨ੍ ਦੂਜਾ ਭਾਉ ਪਿਆਰਾ ॥
ਜਮਪੁਰਿ ਬਧੇ ਮਾਰੀਅਨਿ, ਕੋ ਸੁਣੈ ਨ ਪੂਕਾਰਾ ॥......੧੨॥ (੫੧੩)
ੲ) ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ, ਲੇਖਾ ਮੰਗੈ ਬਾਣੀਆ ॥੨॥ (੧੦੧੯-੨੦)

ਫਿਰ ਹੇਠ ਲਿਖੀਆਂ ਤੁਕਾਂ ਨੂੰ ਵਿਚਾਰਨ ਦੀ ਲੋੜ ਹੈ—

ਸ) ਜਮ ਦਰਿ ਬਾਧੇ ਮਿਲਹਿ ਸਜਾਈ ॥ ਤਿਸੁ ਅਪਰਾਧੀ ਗਤਿ ਨਹੀ ਕਾਈ ॥
ਕਰਣਪਲਾਵ ਕਰੇ ਬਿਲਲਾਵੈ, ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥ (੧੦੩੧)
ਹ) ਜਮ ਦਰਿ ਬਾਧਾ ਠਉਰ ਨ ਪਾਵੈ ਅਪਨਾ ਕੀਆ ਕਮਾਈ ॥੩॥ (੫੯੬)
ਕ) ਕਬੀਰ ਜਮ ਕਾ ਠੇਂਗਾ ਬੁਰਾ ਹੈ, ਓਹੁ ਨਹੀ ਸਹਿਆ ਜਾਇ ॥੭੮॥ (੧੩੬੮)
ਖ) ਨਾਨਕ ਬਿਨੁ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਹਿ ਮੁਹਿ ਕਾਲੈ ਉਠਿ ਜਾਹਿ ॥੧॥੧੧॥ (੫੫੨)
ਗ) ਜਮ ਦਰਿ ਬਧੇ ਮਾਰੀਅਹਿ, ਕੂਕ ਨ ਸੁਣੈ ਪੁਕਾਰਿ ॥੫॥ (੬੯-੭੦)
ਘ) ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥੧੦॥ (੧੦੨੮)

ਉਪਰੋਕਤ ਤੁਕਾਂ ਦੇ ਪਦ-ਅਰਥ, ਪੂਰੇ ਅਰਥ ਅਤੇ ਭਾਵ ਵਿਚਾਰ ਕੇ ਅਸੀਂ ਇਹ ਸਚਿਆਈ ਵੇਖ ਸਕਦੇ ਹਾਂ ਕਿ ਧਰਮ ਰਾਜ ਹੈ, ਉਸ ਦਾ ਹਿਸਾਬ ਕਿਤਾਬ ਲੈਣ ਵਾਲਾ ਤੇ ਨਿਆਂ ਵਿਚਾਰਨ ਵਾਲਾ ਦਰਬਾਰ ਹੈ। ਜਮਦੂਤ ਹਨ ਅਤੇ ਉਨ੍ਹਾਂ ਵਲੋਂ ਪਾਪੀਆਂ ਨੂੰ ਘੋਰ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ।

ਗਿਆਨੀ ਜੀ ਹੋਰੀਂ ਜਮ-ਦੂਤਾਂ ਦੀ ਹੋਂਦ ਤੇ ਉਨ੍ਹਾਂ ਦੀ ਮਾਰ ਤੋਂ ਸਿਰ ਫੇਰਦੇ ਹਨ, ਪਰ ਇਨ੍ਹਾਂ ਤੁਕਾਂ ਦੇ ਕੀ ਅਰਥ ਕਰਨਗੇ ?

ਸ੍ਰੀਰਾਮ ਨਾਮਾ ਉਚਰੁ ਮਨਾ ॥ ਆਗੈ ਜਮ ਦਲ ਬਿਖਮ ਘਨਾ ॥ਰਹਾਉ॥ (੧੫੫)
ਭਰਮੈ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥੩॥੪॥੧੯॥ (ਪੰਨਾ ੨੧)
ਆਗੈ ਜਮਕਾਲੁ ਲੇਖਾ ਲੇਵੈ, ਜਿਉ ਤਿਲ ਘਾਣੀ ਪੀੜਾਇਦਾ ॥੯॥ (੧੦੬੩)

ਫਿਰ ਸੁਖਮਨੀ ਸਾਹਿਬ ਦੀ ਦੂਜੀ ਅਸ਼ਟਪਦੀ ਦੀਆਂ ਇਨ੍ਹਾਂ ਤੁਕਾਂ ਤੇ ਅਸੀਂ ਕਿਵੇਂ ਕਿੰਤੂ ਕਰ ਸਕਦੇ ਹਾਂ ?

ਜਹ ਮਹਾ ਭਇਆਨ ਦੂਤ ਜਮ ਦਲੈ ॥......
ਜਹ ਮੁਸਕਲ ਹੋਵੈ ਅਤਿ ਭਾਰੀ ॥......
ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥......
ਜਿਹ ਪੈਡੈ ਮਹਾ ਅੰਧ ਗੁਬਾਰਾ ॥......
ਜਹ ਪੰਥਿ ਤੇਰਾ ਕੋ ਨ ਸਿਞਾਨੂ ॥......
ਜਹਾ ਮਹਾ ਭਇਆਨ ਤਪਤਿ ਬਹੁ ਘਾਮ ॥......

ਧਰਮ ਰਾਇ ਵਾਹਿਗੁਰੂ ਜੀ ਵਲੋਂ ਨਿਆਂ ਕਰਨ ਲਈ ਥਾਪਿਆ ਹੋਇਆ ਸੱਚਾ ਮੁਨਸਫ਼ ਹੈ। ਇਸ ਦੀ ਬਿਲਕੁਲ ਸਪੱਸ਼ਟ ਗਵਾਹੀ ਬਿਹਾਗੜੇ ਕੀ ਵਾਰ ਮਹਲਾ ੪ ਦੀ ੧੭ਵੀਂ ਪਉੜੀ ਵਿਚ ਮਿਲਦੀ ਹੈ—

ਧਰਮਰਾਇ ਹੈ ਹਰਿ ਕਾ ਕੀਆ, ਹਰਿ ਜਨ ਸੇਵਕ ਨੇੜਿ ਨ ਆਵੈ ॥ (੫੫੫)



www.AKJ.Org

ਇਸ ਤੁਕ ਦੇ ਅਰਥਾਂ ਵਿਚ ਕੋਈ ਭੁਲੇਖਾ ਨਹੀਂ ਕਿ ਧਰਮ ਰਾਜਾ ਹਰੀ ਪ੍ਰਭੂ ਦਾ ਥਾਪਿਆ ਹੋਇਆ (ਹਾਕਮ) ਹੈ, ਅਤੇ ਉਹ ਵਾਹਿਗੁਰੂ ਦੇ ਪਿਆਰਿਆਂ ਸੇਵਕਾਂ ਦੇ ਨੇੜੇ ਨਹੀਂ ਆਉਂਦਾ। ਜਿਹਾ ਕਿ ਗੁਰ-ਫੁਰਮਾਨ ਹੈ—

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ॥
ਣਾ ਹਉ ਣਾ ਤੂੰ ਣਹ ਛੁਟਹਿ, ਨਿਕਟਿ ਨ ਜਾਈਅਹੁ ਦੂਤ ॥੧॥੩੧॥
ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬

ਪਦ ਅਰਥ :—ਦੂਤ=ਹੇ ਮੇਰੇ ਦੂਤੋ! [ਧਰਮਰਾਜ ਆਪਣੇ ਦੂਤਾਂ ਨੂੰ ਕਹਿੰਦਾ ਦਸਿਆ ਜਾ ਰਿਹਾ ਹੈ।]

ਅਰਥ :—(ਧਰਮ ਰਾਜ ਆਖਦਾ ਹੈ—) ਹੇ ਮੇਰੇ ਦੂਤੋ! ਜਿਥੇ ਸਾਧ ਜਨ ਪਰਮਾਤਮਾ ਦਾ ਭਜਨ ਕਰ ਰਹੇ ਹੋਣ, ਜਿਥੇ ਨਿਤ ਕੀਰਤਨ ਹੋ ਰਿਹਾ ਹੋਵੇ, ਤੁਸਾਂ ਉਸ ਥਾਂ ਦੇ ਨੇੜੇ ਨਾ ਜਾਣਾ। (ਜੇ ਤੁਸੀਂ ਉਥੇ ਚਲੇ ਗਏ ਤਾਂ ਇਸ ਖੁਨਾਮੀ ਤੋਂ) ਨਾਹ ਮੈਂ ਬਚਾਂਗਾ, ਨਾਹ ਤੁਸੀਂ ਬਚੋਗੇ ॥੧॥
ਦਰਪਣ ਪੋਥੀ ਦੂਜੀ, ਪੰਨਾ ੫੩੭

ਸਗੋਂ ਵਾਹਿਗੁਰੂ ਜੀ ਦੇ ਹੁਕਮ ਅਨੁਸਾਰ ਦੂਜੇ ਭਾਵ ਵਿਚ ਭੁਲੇ ਹੋਏ ਦੁਸ਼ਟ ਆਤਮਾ ਪਾਸੋਂ ਧਰਮ ਰਾਜ ਲੇਖਾ ਮੰਗਦਾ ਹੈ। ਗੁਰਵਾਕ—

ਧਰਮਰਾਇ ਨੋ ਹੁਕਮੁ ਹੈ, ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥

ਪਰ ਦੂਜੇ ਪਾਸੇ ਵੇਖੋ—

ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮਰਾਇ ਕਰੈ ਧੰਨੁ ਸਵਾਰਣਹਾਰੁ ॥੨॥੩੦॥੬੩॥ (ਪੰਨਾ ੩੯)

ਹੁਣ ਅਗੇ ਦਿਤਾ ਪ੍ਰਮਾਣ ਸਪੱਸ਼ਟ ਕਰਦਾ ਹੈ ਕਿ ਧਰਮ ਰਾਜਾ ਆਪਣੇ ਦੂਤਾਂ (ਜਮ ਕੰਕਰਾਂ) ਨੂੰ ਹੁਕਮ ਦੇ ਰਿਹਾ ਹੈ ਕਿ ਇਸ ਤਪੇ ਨੂੰ ਉਸ ਮਹਾਨ ਭਿਆਨਕ ਨਰਕ ਵਿਚ ਸੁਟੋ ਜਿਥੇ ਕਿ ਮਹਾਂ ਮਹਾਂ ਹਤਿਆਰੇ ਜੰਤ ਸੁਟੇ ਜਾਂਦੇ ਹਨ—

ਧਰਮ ਰਾਇ ਜਮ ਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥੧॥੩੦॥ (੩੧੯)

ਸੋ ਇਸ ਪ੍ਰਮਾਣ ਤੋਂ ਸਿਧ ਹੈ ਕਿ ਧਰਮਰਾਜ, ਜਮਕੰਕਰ, ਮਹਾਂ ਹਤਿਆਰਿਆਂ ਲਈ ਵਖਰੇ ਘੋਰ ਭਿਅੰਕਰ ਨਰਕ ਕੁੰਡ ਆਦਿ ਸਹੀ ਅਰਥਾਂ ਵਾਲੇ ਹੋਂਦ ਵਾਲੀਆਂ ਹਸਤੀਆਂ ਤੇ ਟਿਕਾਣੇ ਹਨ।

ਸੱਚੇ ਪਾਤਸ਼ਾਹ ਜੀ ਨੇ ਇਹ ਕੋਈ ਫ਼ਰਜ਼ੀ ਕਹਾਣੀਆਂ ਲਿਖ ਕੇ ਲੋਕਾਂ ਨੂੰ ਝੂਠੀ ਮੂਠੀ ਡਰਾਉਣ ਦੇ ਜਤਨ ਨਹੀਂ ਕੀਤੇ ਹੋਏ, ਸਗੋਂ ਸੱਚੇ ਸਾਹਿਬ ਦੇ ਸੱਚੇ ਦਰਬਾਰ ਦੀਆਂ ਇਹ ਹਕੀਕਤਾਂ ਬਿਆਨ ਕੀਤੀਆਂ ਹਨ, ਅਤੇ ਰੱਬ ਦੇ ਪਾਸੇ ਤੋਂ ਘੁਥੇ ਹੋਏ ਸਾਕਤਾਂ ਨਾਲ ਇਹ ਹਕੀਕਤਾਂ ਅਵੱਸ਼ ਵਰਤਦੀਆਂ ਹਨ। ਸਾਨੂੰ ਇਹ ਸਭ ਕੁਝ ਸੱਚ ਕਰਕੇ ਮੰਨਣਾ ਬਣਦਾ ਹੈ।

ਗੁਰਬਾਣੀ ਵਿਚੋਂ ਹੋਰ ਅਨੇਕਾਂ ਪ੍ਰਮਾਣ ਇਨ੍ਹਾਂ ਹਕੀਕਤਾਂ ਨੂੰ ਸਪਸ਼ਟ ਕਰਨ ਲਈ ਮਿਲਦੇ ਹਨ। ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ "ਅਣਡਿਠੀ ਦੁਨੀਆ" ਵਿਚ ਇਨ੍ਹਾਂ ਸਭਨਾਂ ਨੂੰ ਗੁਰਬਾਣੀ ਦੇ ਅਧਾਰ ਤੇ ਵਿਸਥਾਰ ਸਹਿਤ ਵਡੇ ਅਕਾਰ ਵਿਚ ਬਿਆਨ ਕੀਤਾ ਹੋਇਆ ਹੈ।



www.AKJ.Org

# ਭਗਤੀ ਤੇ ਸ਼ਕਤੀ ਦਾ ਸੋਮਾ ਸ੍ਰੀ ਅੰਮ੍ਰਿਤਸਰ

[ਸ: ਮਦਨ ਸਿੰਘ ਜੀ, ੧੧-ਅਪਾਲੋਵੇ, ਪੈਰੀ-ਬਾਰ, ਬਰਮਿੰਘਮ, ਯੂ. ਕੇ.]

ਗੁਰੂ ਦਾ ਸਿੱਖ ਜਿਥੇ ਕਿਤੇ ਵੀ ਹੈ, ਦਰਬਾਰ ਸਾਹਿਬ ਅੰਮ੍ਰਿਤਸਰ ਨਾਲ ਸੁਰਤੀ ਬਿਰਤੀ ਕਰਕੇ ਜੁੜਿਆ ਹੋਇਆ ਹੈ। ਆਪਣੀ ਦੋਨੋਂ ਵੇਲੇ ਦੀ ਅਰਦਾਸ ਵਿਚ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਇਸ਼ਨਾਨ ਦੀ ਯਾਚਨਾ ਕਰਦਾ ਹੈ। ਚੌਥੀ ਤੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲੰਮੀ ਘਾਲਨਾ ਕਰਕੇ ਸ੍ਰੀ ਅੰਮ੍ਰਿਤਸਰ ਸਿਖੀ ਦਾ ਕੇਂਦਰੀ ਅਸਥਾਨ ਸਥਾਪਤ ਹੋਇਆ। ਗੋਕਲ ਚੰਦ ਨਾਰੰਗ ਆਪਣੀ ਅੰਗਰੇਜ਼ੀ ਪੁਸਤਕ ਵਿਚ ਲਿਖਦਾ ਹੈ—

> "ਗੁਰੂ ਰਾਮਦਾਸ ਨੇ ਅੰਮ੍ਰਿਤਸਰ ਬਣਵਾਇਆ, ਜਿਹੜਾ ਸਿਖਾਂ ਲਈ ਗੰਗਾ ਜਿਤਨਾ ਸ਼ਰਧਾ ਦਾ ਪਾਤਰ ਬਣ ਗਿਆ ਸੀ। ਗੁਰੂ ਅਰਜਨ ਨੇ ਉਸ ਮਹਾਨ ਸਰੋਵਰ ਦੇ ਵਿਚਕਾਰ ਹਰਿਮੰਦਰ (ਪ੍ਰਮਾਤਮਾ ਦਾ ਘਰ) ਬਣਵਾ ਕੇ ਇਸ ਸਥਾਨ ਦੀ ਪਵਿਤ੍ਰਤਾ ਅਤੇ ਸ਼ਾਨ ਵਿਚ ਵਾਧਾ ਕੀਤਾ। ਇਹ ਮੰਦਰ ਹੈ, ਜਿਹੜਾ ਅੰਮ੍ਰਿਤਸਰ ਦੇ ਸਵਰਨ-ਮੰਦਰ ਦੇ ਅਧੁਨਿਕ ਰੂਪ ਵਿਚ ਭਾਰਤ ਤੇ ਸੰਸਾਰ ਵਿਚ ਇਕ ਅਜੂਬਾ ਬਣ ਗਿਆ।" (Transformation of Sikhs by Gokal Chand Narang ਦਾ ਅਨੁਵਾਦ ਵਲੋਂ ਗੁਰਚਰਨ ਸਿੰਘ, ਪੰਨਾ 31)

ਇਸ ਮੰਦਰ ਦੀ ਨੀਂਹ ਸਾਈਂ ਮੀਆਂ ਮੀਰ ਮੁਸਲਮਾਨ ਫ਼ਕੀਰ ਦੇ ਹਥੋਂ ਸ੍ਰੀ ਗੁਰੂ ਅਰਜਨ ਮਹਾਰਾਜ ਨੇ ਰਖਵਾ ਕੇ ਦੁਨੀਆ ਵਿਚ ਸਰਬ-ਸਾਂਝੇ ਧਰਮ-ਅਸਥਾਨ ਦੀ ਅਦੁਤੀ ਮਿਸਾਲ ਕਾਇਮ ਕੀਤੀ। ਬਗ਼ੈਰ ਕਿਸੇ ਊਚ ਨੀਚ, ਜ਼ਾਤ ਪਾਤ ਦੇ ਵਿਤਕਰੇ, ਹਰ ਕੋਈ ਇਥੇ ਦਰਸ਼ਨ-ਇਸ਼ਨਾਨ ਕਰ ਸਕਦਾ ਹੈ। ਬੇਅੰਤ ਮੁਸਲਮਾਨ ਤੇ ਹਿੰਦੂ ਜਗਿਆਸੂ ਹਰਿਮੰਦਰ ਅੰਦਰ ਬੈਠ ਕੇ ਕੀਰਤਨ-ਰਸ ਦਾ ਅਨੰਦ ਲੈਂਦੇ, ਆਮ ਦੇਖਣ ਵਿਚ ਆਉਂਦੇ ਹਨ। ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਨੇ ਰਹਿਮਤਾਂ ਭਰੀ ਅਸ਼ੀਰਵਾਦ ਹਰਿਮੰਦਰ ਤੇ ਸਰੋਵਰ ਨੂੰ ਬਖ਼ਸ਼ਦਿਆਂ ਫ਼ੁਰਮਾਇਆ ਹੈ—

ਡਿਠੇ ਸਭੇ ਥਾਵ, ਨਹੀ ਤੁਧੁ ਜੇਹਿਆ ॥
ਬਧਹੁ ਪੁਰਖਿ ਬਿਧਾਤੈ, ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ, ਨਾਇਐ ਰਾਮਦਾਸ ਸਰ ॥ ੧੦॥ ਪੰਨਾ ੧੩੬੨

ਗੁਰਦੁਆਰੇ ਸਿਖਾਂ ਲਈ, ਜਿਥੇ ਪੂਜਾ ਦੇ ਅਸਥਾਨ ਹਨ ਉਥੇ ਸਮਾਜਿਕ, ਭਾਈਚਾਰਕ ਤੇ ਰਾਜਨੀਤਕ ਕੰਮਾਂ ਲਈ ਵੀ ਸੇਧ ਦਿੰਦੇ ਹਨ। ਭਗਤੀ ਤੇ ਸ਼ਕਤੀ ਦੇ ਇਹ ਸੋਮੇ ਸਦਾ ਹੀ ਵਿਰੋਧੀਆਂ ਦੀਆਂ ਅੱਖਾਂ ਵਿਚ ਰੜਕਦੇ ਰਹੇ ਤੇ ਵਿਰੋਧੀ ਸਰਕਾਰਾਂ ਇਨ੍ਹਾਂ ਨਾਲ ਟਕਰਾ ਕੇ ਚਕਨਾਚੂਰ ਹੁੰਦੀਆਂ ਰਹੀਆਂ ਹਨ।

ਸਿਖਾਂ ਲਈ "ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ", (ਭਾਈ ਗੁਰਦਾਸ ਜੀ) ਦੇ ਸੰਕੇਤ ਮੁਤਾਬਿਕ, ਜਿਥੇ ਕਿਥੇ ਵੀ ਗੁਰੂ ਪਾਤਸ਼ਾਹ ਦੇ ਚਰਨ ਪਏ, ਜਾਂ ਜਿਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼-ਅਸਥਾਨ ਹੈ, ਪਵਿਤਰ ਤੇ ਸਤਿਕਾਰ ਯੋਗ ਹੈ। ਗੁਰੂ ਕਾ ਸਿਖ ਆਪਣੇ ਗੁਰ-ਅਸਥਾਨ ਦੀ ਬੇਹੁਰਮਤੀ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ।

ਦਰਬਾਰ ਸਾਹਿਬ, ਅੰਮ੍ਰਿਤਸਰ ਸਿਖਾਂ ਲਈ ਭਗਤੀ ਤੇ ਸ਼ਕਤੀ ਦਾ ਮਹਾਨ ਸੋਮਾ ਹੈ। ਅੰਤਾਂ ਦੀ ਭੀੜ ਸਮੇਂ, ਜਦ ਕਿ ਖਾਲਸੇ ਦਾ ਪੱਤਾ ਪੱਤਾ ਵੈਰੀ ਬਣਿਆ ਹੋਇਆ ਸੀ, ਜੰਗਲਾਂ ਵਿਚ ਨਿਵਾਸ ਰਖ ਕੇ ਕਿਸੇ ਚੰਗੇ ਸਮੇਂ ਦੀ ਉਡੀਕ ਕਰ ਰਿਹਾ ਸੀ, ਮੌਕਾ ਮਿਲਣ ਤੇ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਨ ਜ਼ਰੂਰ ਆ



www.AKJ.Org

ਜਾਂਦਾ ਸੀ। ਫਿਰ ਨਵੀਂ ਤਾਕਤ ਤੇ ਨਵੇਂ ਜੋਸ਼ ਨਾਲ ਦੁਸ਼ਮਣ ਤੇ ਟੁੱਟ ਪੈਂਦਾ ਸੀ। "ਸਵਾ ਲਾਖ ਸੇ ਏਕ ਲੜਾਉਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ" ਦੀ ਸਪਿਰਿਟ ਨੂੰ ਕਾਇਮ ਰਖ ਕੇ ਦੁਸ਼ਮਨਾਂ ਦੇ ਆਹੂ ਲਾਹੁੰਦਾ ਸੀ।

ਇਸ ਸ਼ਕਤੀ ਦੇ ਵੱਡੇ ਸੋਮੇ ਨੂੰ ਬੰਦ ਕਰਨ ਲਈ ਕਈ ਮੁਸਲਮਾਨ ਜਾਬਰਾਂ ਨੇ ਯਤਨ ਕੀਤੇ। ਭਾਈ ਮਨੀ ਸਿੰਘ ਜੀ, ਜਿਹੜੇ ਕਿ ਹਰਿਮੰਦਰ ਦੀ ਸੇਵਾ-ਸੰਭਾਲ ਕਰਦੇ ਸਨ, ਨੂੰ ੧੭੩੫ ਵਿਚ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ।

ਬੰਦੇ ਬਹਾਦਰ ਦੀ ਸ਼ਹਾਦਤ ਬਾਅਦ ਬੰਦਈ ਖਾਲਸਾ ਤੇ ਤੱਤ ਖਾਲਸਾ ਵਿਚ ਫੁਟ ਪੈ ਜਾਣ ਕਰਕੇ ਇਸ ਕੇਂਦਰੀ ਅਸਥਾਨ ਦੀ ਸੇਵਾ ਸੰਭਾਲ ਵਿਚ ਢਿੱਲ ਆ ਗਈ। ਮਾਤਾ ਸੁੰਦਰੀ ਜੀ ਦੇ ਹੁਕਮ ਤੇ ਭਾਈ ਮਨੀ ਸਿੰਘ ਜੀ ਨੇ ਇਨ੍ਹਾਂ ਦੋਹਾਂ ਜਥਿਆਂ ਨੂੰ ਇਕ-ਮੁੱਠ ਕਰ ਕੇ ਖਾਲਸੇ ਦੀ ਤਾਕਤ ਵਿਚ ਵਾਧਾ ਕੀਤਾ। ਲਾਹੌਰ ਦੇ ਹਾਕਮ ਜ਼ਕਰੀਆ ਖਾਨ ਦੀ ਫੁਟ-ਪਾਊ ਪਾਲਿਸੀ ਭਾਈ ਮਨੀ ਸਿੰਘ ਜੀ ਦੀ ਸੁਘੜਤਾ ਤੇ ਸਿਆਣਪ ਨਾਲ ਕਾਮਯਾਬ ਨਾ ਹੋ ਸਕੀ, ਜਿਸ ਦਾ ਨਤੀਜਾ ਭਾਈ ਸਾਹਿਬ ਨੂੰ ਸ਼ਹੀਦ ਕੀਤਾ ਗਿਆ। ਜ਼ਕਰੀਆ ਖਾਨ ਸਮਝਣ ਲਗ ਪਿਆ ਸੀ ਕਿ ਹਰਿਮੰਦਰ ਦੇ ਦਰਸ਼ਨ ਤੇ ਸਰੋਵਰ ਵਿਚ ਇਸ਼ਨਾਨ ਕਰਕੇ ਖਾਲਸਾ ਸ਼ਕਤੀ-ਸ਼ਾਲੀ ਹੋ ਜਾਂਦਾ ਹੈ ਤੇ ਥੋੜੀ ਗਿਣਤੀ ਹੋਣ ਦੇ ਬਾਵਜੂਦ ਵੀ ਆਪਣੇ ਵੈਰੀਆਂ ਤੇ ਭਾਰੂ ਬਣਿਆ ਰਹਿੰਦਾ ਹੈ। ਜ਼ਕਰੀਆ ਖਾਨ ਨੇ ਦਰਬਾਰ ਸਾਹਿਬ ਦੀ ਨਾਕਾਬੰਦੀ ਕਰ ਦਿੱਤੀ। ਮੱਸਾ ਰੰਘੜ ਨੂੰ ਚੌਧਰੀ ਬਣਾ ਦਿੱਤਾ।

"ਕੀਨੋ ਉਪਦ੍ਰਵ ਤੁਰਕ ਬਡ ਅੰਮ੍ਰਿਤਸਰ ਗੁਰਦਵਾਰਾ ॥
ਹਰਿਮੰਦਰ ਮੈਂ ਕੰਚਨੀ ਰਖੈ ਤੁਰਕਨ ਕੋ ਸਰਦਾਰਾ ॥ (ਪੰਥ ਪ੍ਰਕਾਸ਼)

ਗਿਆਨੀ ਗਿਆਨ ਸਿੰਘ ਜੀ ਹੋਰੀ ਵਿਸਥਾਰ ਨਾਲ ਲਿਖਦੇ ਹਨ–

ਮੱਸਾ ਨਾਮ ਰੰਘੜ, ਗੁਰੂ ਕੇ ਹਰਿਮੰਦਰ ਮੇਂ ਬੈਠਤ ਪਲੰਘ ਪਰ ਕੰਚਨੀ ਨਚਾਇ ਹੈ।
ਉਡਤ ਸ਼ਰਾਬ ਤੇ ਕਬਾਬ ਸਭਾ ਤੁਰਕਨ ਮੈਂ, ਪੀਵਤੇ ਹੁੱਕੇ ਵਹਿ ਥੁਕੈ ਮਨ ਭਾਇ ਹੈ।

ਬੇਅਦਬੀ ਦੀ ਇਹ ਹੱਦ ਸੀ। ਖਾਲਸੇ ਨੂੰ ਜਦ ਇਹ ਖ਼ਬਰ ਜੰਗਲਾਂ ਵਿਚ ਪਹੁੰਚੀ ਤਾਂ ਭਾਈ ਮਹਿਤਾਬ ਸਿੰਘ ਤੇ ਸੁਖਾ ਸਿੰਘ ਜੀ ਨੇ ਮੱਸਾ ਰੰਘੜ ਦਾ ਸਿਰ ਕਲਮ ਕਰ ਕੇ ਮੁਸਲਮਾਨ ਹਾਕਮਾਂ ਨੂੰ ਦਸ ਦਿੱਤਾ ਕਿ ਖਾਲਸਾ ਆਪਣੇ ਗੁਰਧਾਮਾਂ ਦੀ ਬੇਅਦਬੀ ਕਦੇ ਬਰਦਾਸ਼ਤ ਨਹੀਂ ਕਰ ਸਕਦਾ।

੧੭੬੨ ਈਸਵੀ ਵਿਚ ਅਹਿਮਦਸ਼ਾਹ ਅਬਦਾਲੀ ਨੇ ਸਿਖਾਂ ਦੀ ਸ਼ਕਤੀ ਨੂੰ ਨਾਸ ਕਰਨ ਲਈ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ-ਢੇਰੀ ਕਰ ਦਿੱਤਾ ਤੇ ਸਰੋਵਰ ਵਿਚ ਗਊਆਂ ਦੀਆਂ ਲਾਸ਼ਾਂ ਤੇ ਹੋਰ ਦੁਰਗੰਧ ਸੁਟਵਾ ਕੇ ਪੂਰ ਦਿੱਤਾ। ਅਬਦਾਲੀ ਸਮਝਦਾ ਸੀ ਕਿ ਸਿੰਘਾਂ ਦਾ ਲੱਕ ਟੁੱਟ ਗਿਆ ਹੈ। ਪਰ ਨਹੀਂ, ਅਬਦਾਲੀ ਦੇ ਪਿਠ ਮੋੜਨ ਦੀ ਦੇਰ ਸੀ ਕਿ ਸਿੰਘਾਂ ਨੇ ਰਲ ਕੇ ਦਰਬਾਰ ਸਾਹਿਬ ਦੀ ਬਿਲਡਿੰਗ ਫੇਰ ਖੜੀ ਕਰ ਦਿੱਤੀ ਤੇ ਸਰੋਵਰ ਸਾਫ ਕਰ ਕੇ ਅੰਮ੍ਰਿਤ-ਜਲ ਵਿਚ ਟੁੱਭੇ ਲਾਉਣ ਲਗ ਪਏ। ੧੭੬੫ ਈ: ਵਿਚ ਅਬਦਾਲੀ ਫੇਰ ਚੜ੍ਹ ਆਇਆ ਤੇ ਦਰਬਾਰ ਸਾਹਿਬ ਦੀ ਪਵਿਤਰਤਾ ਭੰਗ ਕਰਨ ਲਈ ਹਲਾ ਬੋਲ ਦਿੱਤਾ। ਉਸ ਸਮੇਂ ਬਾਬਾ ਗੁਰਬਖਸ਼ ਸਿੰਘ ਦੀ ਕਮਾਨ ਹੇਠ ਸਿਰਫ਼ ੩੦ ਸਿੰਘ ਸੂਰਮੇ ਸਨ। ਸਾਰੇ ਦੇ ਸਾਰੇ ਸ਼ਹੀਦ ਹੋ ਗਏ, ਪਰ ਦਰਬਾਰ ਸਾਹਿਬ ਦੀ ਮਾਣ-ਮਰਯਾਦਾ ਭੰਗ ਨਾ ਹੋਣ ਦਿੱਤੀ। ਇਸੇ ਤਰ੍ਹਾਂ ਹੋਰ ਇਤਿਹਾਸਿਕ ਗੁਰਦਵਾਰਿਆਂ ਦੀ ਬੇਅਦਬੀ ਨਾ ਸਹਾਰਦੇ ਹੋਏ ਅਨੇਕਾਂ ਸਿੰਘ, ਸਿੰਘਣੀਆਂ ਤੇ ਬੱਚੇ ਸ਼ਹੀਦ ਹੁੰਦੇ ਰਹੇ।

੧੭੯੯ ਈ: ਵਿਚ ਖਾਲਸਾ ਰਾਜ ਦਾ ਸੂਰਜ ਚੜ੍ਹਿਆ। ਮਹਾਰਾਜਾ ਰਣਜੀਤ ਸਿੰਘ ਸਮੇਂ



www.AKJ.Org

ਗੁਰਦਵਾਰਿਆਂ ਦੀਆਂ ਇਮਾਰਤਾਂ ਫਿਰ ਉਸਰਨੀਆਂ ਸ਼ੁਰੂ ਹੋ ਗਈਆਂ । ਮਹਾਰਾਜਾ ਰਣਜੀਤ ਸਿੰਘ ਨੇ ਗੁਰਦਵਾਰਿਆਂ ਦੇ ਨਾਮ ਵੱਡੀਆਂ ਜਗੀਰਾਂ ਲਾ ਦਿੱਤੀਆਂ । ਗੁਰਦਵਾਰੇ ਫਿਰ ਇਕ ਵੇਰ ਸਿਖੀ ਪ੍ਰਚਾਰ ਦਾ ਕੇਂਦਰ ਬਣ ਗਏ । ਦਰਬਾਰ ਸਾਹਿਬ, ਅੰਮ੍ਰਿਤਸਰ ਨੂੰ ਸੋਨੇ ਤੇ ਹੀਰਿਆਂ ਨਾਲ ਸ਼ਿੰਗਾਰਿਆ ਗਿਆ । ਸਿੱਖੀ ਵਧਣ ਫੁਲਣ ਲਗੀ । ਪਰ ਅਫ਼ਸੋਸ ! ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਬਾਅਦ ਸਿੱਖ ਫਿਰ ਫੁੱਟ ਦਾ ਸ਼ਿਕਾਰ ਹੋ ਗਏ ।

''ਘਰ ਕਉ ਆਗ ਲਗੀ, ਘਰ ਕੇ ਚਰਾਗ ਸੇ''...ਨਤੀਜਾ, ਪੰਜਾਬ ਫ਼ਰੰਗੀਆਂ ਦਾ ਗ਼ੁਲਾਮ ਹੋ ਗਿਆ । ਇਸ ਨਾਲ ਗੁਰਦਵਾਰਿਆਂ ਦੀ ਮਾਣ-ਮਰਯਾਦਾ ਤੇ ਬਹੁਤ ਅਸਰ ਪਿਆ । ਸੇਵਾਦਾਰ ਬਦਚਲਣ ਹੋ ਗਏ ਅਤੇ ਅੰਗਰੇਜ਼ੀ ਸਰਕਾਰ ਦੇ ਪਿੱਠੂ ਬਣ ਗਏ । ਗੁਰਦਵਾਰਿਆਂ ਦੀ ਆਮਦਨ ਗ਼ਲਤ ਕੰਮਾਂ ਤੇ ਖ਼ਰਚ ਕਰਨ ਲਗ ਪਏ । ਅੰਗਰੇਜ਼ ਚਾਲਾਕ ਤੇ ਮੱਕਾਰ ਸੀ–ਸਿੱਧਾ ਦਖ਼ਲ ਤਾਂ ਨਾਂਹ ਦਿੱਤਾ, ਪਰ ਇਨ੍ਹਾਂ ਹੱਥਠੋਕਿਆਂ ਰਾਹੀਂ ਕੌਮੀ ਸੋਮਿਆਂ ਵਿਚ ਮਿਲਾਵਟ ਕਰਨੀ ਸ਼ੁਰੂ ਕਰ ਦਿਤੀ । ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ, ਜਿਸ ਨੂੰ ਪੰਥ ਕਦੇ ਨਹੀਂ ਭੁਲ ਸਕਦਾ, ਇਸੇ ਕੁਟਲ-ਨੀਤੀ ਕਾਰਨ ਹੋਇਆ । ਗੁਰਦਵਾਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਮਹੰਤ ਨਰੈਣ ਦਾਸ ਨੇ ਅੰਗਰੇਜ਼ੀ ਸਰਕਾਰ ਦਾ ਹੱਥ-ਠੋਕਾ ਬਣ ਕੇ, ਮੱਸਾ ਰੰਗੜ ਵਾਲਾ ਡਰਾਮਾ ਖੇਲਨਾ ਸ਼ੁਰੂ ਕਰ ਦਿੱਤਾ । ਸਿੱਖ ਹਿਰਦਾ ਤੜਪ ਉਠਿਆ ਤੇ ਆਪਣੇ ਖ਼ੂਨ ਦੀ ਅਹੂਤੀ ਦੇ ਕੇ ਇਸ ਗੁਰਧਾਮ ਦੀ ਪਵਿਤ੍ਰਤਾ ਬਹਾਲ ਕੀਤੀ । ਗੁਰਦਵਾਰਾ ਜੈਤੋ, ਗੰਗਸਰ ਤੇ ਹੋਰ ਅਨੇਕਾਂ ਗੁਰਦਵਾਰਿਆਂ ਨੂੰ ਇਹਨਾਂ ਕੁਕਰਮੀ ਬੰਦਿਆਂ ਤੋਂ ਖਾਲਸੇ ਨੇ ਬਹੁਤ ਕੁਰਬਾਨੀਆਂ ਤੇ ਸ਼ਹੀਦੀਆਂ ਦੇਕੇ ਅਜ਼ਾਦ ਕਰਵਾਇਆ।

੧੯੪੭ ਈ: ਵਿਚ ਭਾਰਤ ਆਜ਼ਾਦ ਹੋ ਗਿਆ । ਪਰ ਸਿਖਾਂ ਨੂੰ ਫਿਰ ਕੁਰਬਾਨੀ ਦਾ ਬਕਰਾ ਬਣਾਇਆ ਗਿਆ । ਮੁਸਲਿਮ ਲੀਗੀ ਗੁੰਡਿਆਂ ਨੇ ਸਿੱਖਾਂ ਦਾ ਕਤਲਿ-ਆਮ ਕੀਤਾ ਤੇ ਗੁਰਧਾਮਾਂ ਦੀ ਬੇਅਦਬੀ ਕੀਤੀ । ਵੱਡੇ ਇਤਿਹਾਸਕ ਗੁਰਦਵਾਰੇ ਨਨਕਾਣਾ ਸਾਹਿਬ, ਪੰਜਾ ਸਾਹਿਬ, ਡੇਰਾ ਸਾਹਿਬ ਲਾਹੌਰ ਤੇ ਹੋਰ ਅਨੇਕਾਂ ਗੁਰਦਵਾਰੇ ਪਾਕਿਸਤਾਨ ਦੀ ਹੱਦ ਅੰਦਰ ਰਹਿ ਗਏ । ਇਸ ਵਿਛੋੜੇ ਦੇ ਸੱਲ ਨੂੰ ਸਿੱਖ ਆਪਣੀ ਅਰਦਾਸ ਵਿਚ ਦੁਹਰਾ ਕੇ, ਦਰਸ਼ਨ-ਇਸ਼ਨਾਨ ਤੇ ਸੇਵਾ ਸੰਭਾਲ ਦਾ ਦਾਨ ਆਪਣੇ ਗੁਰੂ ਪਾਸੋਂ ਮੰਗਦਾ ਹੈ । ਸਿਖ ਕੌਮ ਨੂੰ ਭਾਰਤ ਦੀ ਆਜ਼ਾਦੀ ਲਈ ਵੱਡਾ ਮੁਲ ਤਾਰਨਾ ਪਿਆ ।

ਗੁਰੂ ਖਾਲਸੇ ਨੇ ਭਾਰਤ ਨਾਲ ਆਪਣੀ ਕਿਸਮਤ ਇਸ ਉਮੀਦ ਨਾਲ ਜੋੜੀ ਸੀ ਕਿ ਆਜ਼ਾਦੀ ਮਿਲਣ ਉਪਰੰਤ ਭਾਰਤ ਸਰਕਾਰ ਅਤੇ ਪਾਕਿਸਤਾਨ ਸਰਕਾਰ ਨਾਲ ਸਾਂਝੀ ਗੱਲ-ਬਾਤ ਹੋ ਕੇ, ਸਿਖਾਂ ਨੂੰ ਧਾਰਮਿਕ ਅਸਥਾਨਾਂ ਦੀ ਸੇਵਾ-ਸੰਭਾਲ ਦਾ ਮੌਕਾ ਖੁਲ੍ਹੇ ਆਮ ਮਿਲ ਜਾਵੇਗਾ । ਪਰ ਗੱਲ ਉਲਟੀ ਹੋਈ । ਭਾਰਤ ਸਰਕਾਰ ਦੀ ਆਪਣੀ ਹੀ ਨੀਅਤ ਸਾਫ਼ ਨਹੀਂ ਸੀ । ਇਸੇ ਕੁਟਲ ਨੀਤੀ ਅਨੁਸਾਰ ਸਿਖਾਂ ਨੂੰ ਜਰਾਇਮ-ਪੇਸ਼ਾ ਕਰਾਰ ਦੇ ਕੇ ਉਨ੍ਹਾਂ ਦੀ ਨਿਗਰਾਨੀ ਸ਼ੁਰੂ ਕਰ ਦਿੱਤੀ । ਇਹਨਾਂ ਭਗਤੀ ਤੇ ਸ਼ਕਤੀ ਦੇ ਸੋਮਿਆਂ ਨੂੰ ਫ਼ਿਰਕੂ ਸਰਕਾਰ ਕੈਰੀ ਨਜ਼ਰ ਨਾਲ ਦੇਖਣ ਲਗ ਪਈ ।

ਵਾਹਿਗੁਰੂ ਦਾ ਭਾਣਾ ਸਮਝੋ ਜਾਂ ਸਿਖਾਂ ਵਿਚ ਆ ਚੁਕੀਆਂ ਕਮਜ਼ੋਰੀਆਂ ਕਰਕੇ ਭਾਰਤ ਸਰਕਾਰ ਨੇ ਪਾਕਿਸਤਾਨ ਸਰਕਾਰ ਨਾਲ ਗੱਲ-ਬਾਤ ਤਾਂ ਕੀ ਕਰਨੀ ਸੀ, ਭਾਰਤ ਵਿਚਲੇ ਗੁਰਧਾਮਾਂ ਦੀ ਹੀ ਬੇਹੁਰਮਤੀ ਕਰਨ ਵਾਲਿਆਂ ਨੂੰ ਸ਼ਹਿ ਦੇਣੀ ਸ਼ੁਰੂ ਕਰ ਦਿੱਤੀ ਹੈ । ੧੯੪੭ ਤੋਂ ੧੯੮੩ ਤਕ ਤਕਰੀਬਨ ੩੬ ਸਾਲ ਦੇ ਸਮੇਂ ਵਿਚ ਹਿਰਦੇ-ਵੇਧਕ ਕਾਰਵਾਈਆਂ ਦੀ ਲੜੀ ਲਗੀ ਜਾ ਰਹੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਧਾਰਮਿਕ ਪੁਸਤਕਾਂ ਦੇ ਪਤਰੇ ਪਾੜ ਕੇ ਅਗਨੀ ਦੇ ਹਵਾਲੇ ਕਰਕੇ ਲੋਹੜੀ ਮਨਾ ਰਹੇ ਹਨ । ਗੁਰਦਵਾਰਿਆਂ ਦੀਆਂ ਇਮਾਰਤਾਂ ਨੂੰ ਅੱਗਾਂ ਲਾਈਆਂ ਜਾ ਰਹੀਆਂ ਹਨ । ਪੁਲਸ ਜੁੱਤੀਆਂ ਸਮੇਤ ਅੰਦਰ ਦਾਖ਼ਲ ਹੋ ਕੇ, ਸਿਖਾਂ ਨੂੰ ਕੁੱਟ ਮਾਰ ਕਰਕੇ ਤਸ਼ੱਦਦ ਕਰ ਰਹੀ ਹੈ । ਹੈਰਾਨੀ ਦੀ ਗੱਲ ਹੈ ਕਿ ਅੱਜ ਤਕ ਅਜਿਹੇ ਉਪੱਦਰ ਕਰਨ ਵਾਲੇ ਕਿਸੇ ਇਕ ਬੰਦੇ ਨੂੰ ਵੀ ਭਾਰਤ ਦਾ ਕਾਨੂੰਨ ਸਜ਼ਾ ਨਹੀਂ ਦੇ ਸਕਿਆ । ਕਾਰਨ, ਸਾਫ਼ ਹੈ ਕਿ



www.AKJ.Org

ਵਾੜ ਹੀ ਖੇਤ ਨੂੰ ਖਾ ਰਹੀ ਹੈ।

"ਪੰਜਾਬੀ ਸੂਬਾ ਜ਼ਿੰਦਾਬਾਦ" ਦਾ ਨਾਹਰਾ ਲਾਉਣ ਤੇ ਪੰਜਾਬ ਦੀ ਸੱਚਰ ਸਰਕਾਰ ਨੇ ਪਾਬੰਦੀ ਲਾ ਰਖੀ ਸੀ। ਇਸ ਗ਼ੈਰ-ਜਮਹੂਰੀਅਤ ਹੁਕਮ ਦੇ ਖ਼ਿਲਾਫ਼ ਸਿੱਖਾਂ ਨੇ ਮੋਰਚਾ ਲਾ ਰਖਿਆ। ਹਰ ਰੋਜ਼ ਸੈਂਕੜੇ ਸਿਖ ਹਰਿਮੰਦਰ ਸਾਹਿਬ ਤੇ ਅਕਾਲ ਤਖਤ ਸਾਹਿਬ ਅਰਦਾਸੇ ਸੋਧ ਕੇ ਗ੍ਰਿਫ਼ਤਾਰੀਆਂ ਦੇ ਰਹੇ ਸਨ। ਸਿੰਘਾਂ ਦੇ ਜੋਸ਼ ਸਾਹਮਣੇ ਭੀਮ ਸੈਨ ਸੱਚਰ ਬੌਂਦਲਾ ਗਿਆ। ਮਹਾਸ਼ਾ ਅਸ਼ਵਨੀ ਕੁਮਾਰ ਆਈ.ਜੀ. ਪੁਲਿਸ ਪੰਜਾਬ ਨੇ ਹਿੰਦ ਸਰਕਾਰ ਦੀ ਆਸ਼ੀਰਵਾਦ ਲੈ ਕੇ ੪ ਜੁਲਾਈ ੧੯੫੫ ਨੂੰ ਗੁਰੂ ਰਾਮਦਾਸ ਸਰਾਂ, ਮੰਜੀ ਸਾਹਿਬ ਤੇ ਦਰਬਾਰ ਸਾਹਿਬ ਵਿਚ ਇਕੱਤਰ ਹੋਈਆਂ ਸੰਗਤਾਂ ਤੇ ਪੁਲਿਸ ਦੀ ਮਦਦ ਨਾਲ ਹੱਲਾ ਬੋਲ ਦਿੱਤਾ। ਅਥਰੂ ਗੈਸ-ਗੋਲੇ ਤੇ ਗੋਲੀਆਂ ਦਾ ਇਸਤੇਮਾਲ ਕੀਤਾ ਗਿਆ। ਬਹੁਤ ਸਿੰਘ, ਸਿੰਘਣੀਆਂ ਤੇ ਬੱਚੇ ਬੁਰੀ ਤਰ੍ਹਾਂ ਜ਼ਖਮੀ ਹੋਏ। ਸ: ਧੰਨਾ ਸਿੰਘ ਗੁਲਸ਼ਨ ਅੱਖੀਂ ਡਿਠੇ ਹਾਲਾਤ ਆਪਣੀ ਪੁਸਤਕ "ਅਜ ਦਾ ਪੰਜਾਬ", ਸਫ਼ਾ ੫੭ ਤੇ ਲਿਖਦਾ ਹੈ—

> "ਪੰਜ ਦਿਨ ਪੁਲਿਸ ਨੇ ਆਪਣੀ ਸਾਰੀ ਸ਼ਕਤੀ ਮੋਰਚਾ ਫ਼ੇਲ੍ਹ ਕਰਨ ਲਈ ਵਰਤ ਕੇ ਦੇਖ ਲਈ। ਗੁਰੂ ਕਾ ਲੰਗਰ ਬੰਦ ਕਰ ਦਿੱਤਾ। ਰਾਸ਼ਨ ਤੇ ਬਰਤਨ ਵੀ ਪੁਲਿਸ ਚੁੱਕ ਕੇ ਲੈ ਗਈ। ਬਾਬਾ ਅਟੱਲ ਤੇ ਕੌਲਸਰ ਵਿਚ ਵੀ ਪੁਲਿਸ ਰੱਬੀ ਖ਼ੌਫ਼ ਭੁਲਾ ਕੇ ਜੁੱਤੀਆਂ ਸਮੇਤ ਪ੍ਰਕਰਮਾ ਵਿਚ ਫਿਰਦੀ ਰਹੀ।"

"ਪਾਪੀ ਕੋ ਮਾਰਨ ਲਈ ਪਾਪ ਹੀ ਮਹਾਂਬਲੀ ਹੈ।" ਅਖੀਰ ਸੱਚਰ ਨੂੰ ਅਸਤੀਫ਼ਾ ਦੇਣਾ ਪਿਆ ਤੇ ਦਰਬਾਰ ਸਾਹਿਬ ਆ ਕੇ ਮੁਆਫੀ ਮੰਗੀ।

੨੨ ਦਸੰਬਰ ੧੯੬੪ ਨੂੰ ਡਿਪਟੀ ਕਮਿਸ਼ਨਰ ਨਾਹਨ ਹਿਮਾਚਲ ਪ੍ਰਦੇਸ, ਮਿਸਟਰ ਆਰ. ਕੇ. ਚੰਡੇਲ ਨੇ ਪੁਲਿਸ ਦੀ ਮਦਦ ਨਾਲ ਪਾਉਂਟਾ ਸਾਹਿਬ ਗੁਰਦੁਆਰੇ ਵਿਚ ਅਖੰਡ ਪਾਠ ਸੁਣ ਰਹੀ ਸੰਗਤ ਤੇ ਗੋਲੀ ਚਲਾ ਕੇ ੧੧ ਸਿੰਘ ਸ਼ਹੀਦ ਕਰ ਦਿਤੇ। ਇਸ ਹੱਲੇ ਵਿਚ ਮਹੰਤ ਗੁਰਦਿਆਲ ਸਿੰਘ ਦੇ ਕਰਾਏ ਤੇ ਲਿਆਂਦੇ ਬਦਮਾਸ਼ਾਂ ਨੇ ਵੀ ਪੂਰਾ ਭਾਗ ਲਿਆ। ਸਾਡੀ ਅਖੌਤੀ ਸੈਕੂਲਰ ਸਰਕਾਰ ਨੇ ਇਕ ਵੇਰਾਂ ਫਿਰ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਯਾਦ ਤਾਜ਼ਾ ਕਰ ਵਿਖਾਈ।

ਪਿਛਲੇ ਪੰਜਾਂ ਸਾਲਾਂ ਵਿਚ ਅਨੇਕਾਂ ਗੁਰਦਵਾਰਿਆਂ ਤੇ ਸਰੋਵਰਾਂ ਵਿਚ ਦੁਰਗੰਧ ਸੁਟੀ ਗਈ। ਫ਼ਿਰਕਾ-ਪ੍ਰਸਤ ਹਿੰਦ ਸਰਕਾਰ ਦੇ ਸਿਰ ਜੂੰ ਤਕ ਨਹੀਂ ਸਰਕੀ। ਦਰਬਾਰ ਸਾਹਿਬ ਅੰਮ੍ਰਿਤਸਰ ਤੇ ਫਿਰ ਪੁਲਿਸ ਰੇਡ ਦੀਆਂ ਗੱਲਾਂ ਚਲਦੀਆਂ ਰਹਿੰਦੀਆਂ ਹਨ। ਸਿਖਾਂ ਨੂੰ ਬਦਨਾਮ ਕਰਨ ਲਈ ਗੁਰਦਵਾਰੇ ਅਪਰਾਧੀ ਤੇ ਡਾਕੂਆਂ ਦੀ ਪਨਾਹਗਾਰ ਦਾ ਰੌਲਾ ਪਾਇਆ ਜਾ ਰਿਹਾ ਹੈ। ਡੀ. ਆਈ. ਜੀ. ਅਟਵਾਲ ਦਾ ਕਤਲ ਦਰਬਾਰ ਸਾਹਿਬ ਦੇ ਨੇੜੇ ਹੋਇਆ। ਕਾਤਲ ਦਿਨ-ਦੀਵੀਂ ਬਾਜ਼ਾਰ ਵਿਚ ਦੌੜਨ ਵਿਚ ਕਾਮਯਾਬ ਹੋ ਗਏ। ਸਰਕਾਰ ਆਪਣੀ ਕਮਜ਼ੋਰੀ ਨੂੰ ਛੁਪਾਉਣ ਲਈ ਕਹਿਣ ਲਗੀ ਕਿ ਕਾਤਲ ਦਰਬਾਰ ਸਾਹਿਬ ਵਿਚੋਂ ਆਏ ਤੇ ਕਤਲ ਕਰ ਕੇ ਵਾਪਸ ਅੰਦਰ ਹੀ ਚਲੇ ਗਏ। ਦਸਿਆ ਜਾਂਦਾ ਹੈ ਕਿ ਸੀ.ਬੀ.ਆਈ. ਦੀ ਰਿਪੋਰਟ ਅਨੁਸਾਰ, ਇਸ ਕਤਲ ਪਿਛੇ ਕਿਸੇ ਵਡੇ ਸਿਆਸੀ ਲੀਡਰ ਦਾ ਹੱਥ ਜਾਪਦਾ ਹੈ, ਪਰ ਰਿਪੋਰਟ ਸਿੱਖ ਲੀਡਰਾਂ ਦੇ ਚੈਲੰਜ ਕਰਨ ਤੇ ਵੀ ਸ਼ਾਇਆ ਨਹੀਂ ਕੀਤੀ ਗਈ। ਸਾਨੂੰ ਡਰ ਹੈ ਕਿ 'ਹਿੰਦੀ, ਹਿੰਦੂ, ਹਿੰਦੁਸਤਾਨ' ਦੇ ਸ਼ਰਧਾਲੂ ਕਿਤੇ ਹਿੰਦੁਸਤਾਨ ਦੇ ਟੁਕੜੇ ਕਰਵਾ ਕੇ ਨਾ ਛੱਡਣ, ਜਿਵੇਂ ਅਗੇ ਇਨ੍ਹਾਂ ਦੀ ਫ਼ਿਰਕੂ ਜ਼ਹਿਨੀਅਤ ਦੇ ਜ਼ਹਿਰੀਲੇ ਪਰਚਾਰ ਸਦਕਾ ਪਾਕਿਸਤਾਨ ਬਣਿਆ ਹੈ। ਇਹ ਗੱਲ ਨਿਸਚੇ ਮੰਨਣੀ ਪਵੇਗੀ ਕਿ ਤਸ਼ੱਦਦ ਤੇ ਜ਼ੁਲਮ ਬਹੁਤਾ ਚਿਰ ਫਲ-ਫੁਲ ਨਹੀਂ ਸਕਦੇ, ਇਹ ਸਰਕਾਰਾਂ ਦੇ ਭੱਠੇ ਬਿਠਾ ਦਿੰਦੇ ਹੁੰਦੇ ਹਨ।



www.AKJ.Org

# ਬੁਰਿਆਈ ਹਰ ਸੂਰਤ ਵਿਚ ਬੁਰੀ

ਸਾਖੀ ਆਉਂਦੀ ਹੈ ਕਿ ਸ੍ਰੀ ਗੁਰੂ ਦਸਮੇਸ਼ ਜੀ ਸਿੰਘਾਂ ਦੇ ਨਾਲ ਜਾ ਰਹੇ ਸਨ। ਸੱਚੇ ਪਾਤਸ਼ਾਹ ਜੀ ਦਾ ਘੋੜਾ ਜਾਂਦਿਆਂ ਜਾਂਦਿਆਂ ਅਚਨਚੇਤ ਰੁਕ ਗਿਆ ਅਤੇ ਅਗੇ ਕਦਮ ਪੁੱਟਣ ਦੀ ਥਾਂ ਪਿਛਾਂਹ ਵਲ ਮੂੰਹ ਫੇਰੇ। ਸਾਹਿਬਾਂ ਨੇ ਸਿੰਘਾਂ ਨੂੰ ਇਸ਼ਾਰਾ ਕੀਤਾ ਕਿ ਵੇਖੋ, ਅਗੇ ਕੀ ਹੈ ? ਘੋੜਾ ਕਿਸ ਕਾਰਨ ਰੁਕ ਗਿਆ ਹੈ ? ਤਾਂ ਪਤਾ ਚਲਿਆ ਕਿ ਤਮਾਕੂ ਦੇ ਖੇਤ ਦੀ ਵੱਟ ਆ ਗਈ ਹੈ, ਜਿਸ ਕਰਕੇ ਘੋੜਾ ਅਗਾਂਹ ਨਹੀਂ ਵਧਦਾ।

ਸਿੱਖਾਂ ਲਈ ਤਮਾਕੂ ਬੱਜਰ ਕੁਰਹਿਤ ਹੈ। ਕਲਗੀਧਰ ਪਾਤਸ਼ਾਹ ਜੀ ਦਾ ਘੋੜਾ ਵੀ ਉਸ ਖੇਤ ਵਲ ਮੂੰਹ ਨਹੀਂ ਸੀ ਕਰਦਾ, ਜਿਥੇ ਇਹ ਬਿਖ (ਜਗਤ-ਜੂਠ) ਤਮਾਕੂ ਬੀਜਿਆ ਹੋਇਆ ਸੀ। ਪਰ ਅੱਜ ਸਾਡੇ ਕਈ ਭੁੱਲੜ ਸਿਖ ਨੌਜਵਾਨ, ਤਮਾਕੂ ਦੇ ਧੂੰਏਂ ਦੀ ਪਰਵਾਹ ਨਾ ਕਰਦੇ ਹੋਏ, ਤਮਾਕੂ ਪੀਂਦੇ ਯਾਰਾਂ ਬੇਲੀਆਂ ਨਾਲ ਥਾਉਂ ਥਾਈਂ ਬਜ਼ਾਰਾਂ ਵਿਚ, ਸਿਨਮਿਆਂ ਵਿਚ, ਹੋਟਲਾਂ ਆਦਿ ਵਿਚ ਤੁਰੇ ਫਿਰਦੇ ਹਨ, ਅਤੇ ਬਿਖ ਨੂੰ ਵਿਹਾਜਣ ਦੇ ਭਾਈਵਾਲ ਬਣ ਰਹੇ ਹਨ।

ਯਾਦ ਰਹੇ ਕਿ ਤਮਾਕੂ ਪੀਣ ਵਾਂਗ ਤਮਾਕੂ ਦਾ ਧੂੰਆਂ ਵੀ ਬਹੁਤ ਖ਼ਤਰਨਾਕ ਹੈ। ਪਿਛੇ ਜਿਹੇ ਅਮਰੀਕਾ ਦੀ ਨਵੀਂ ਖੋਜ ਉਥੋਂ ਦੇ ਮਾਸਕ ਪੱਤਰ The Plain Truth (ਨਿਰੋਲ ਸੱਚ) ਨਾਮੀ ਪੱਤਰ ਫ਼ਰਵਰੀ ੧੯੮੧ ਵਿਚ ਛਪੀ ਸੀ। ਉਸ ਵਿਚ ਲਿਖਿਆ ਹੈ :—

> "ਵਿਗਿਆਨਕ ਖੋਜ ਨੇ ਸਾਬਤ ਕਰ ਦਿਤਾ ਹੈ ਕਿ ਦੂਸਰਿਆਂ ਦੀ ਹਾਜ਼ਰੀ ਵਿਚ ਤਮਾਕੂ ਪੀਣਾ ਉਨ੍ਹਾਂ ਉਤੇ ਹਮਲਾ ਕਰਨ, ਉਨ੍ਹਾਂ ਨਾਲ ਦੁਸ਼ਮਣੀ ਕਮਾਉਣ ਅਤੇ ਵਾਸਤਵ ਵਿਚ ਉਨ੍ਹਾਂ ਨੂੰ ਜ਼ਹਿਰ ਦੇਣ ਦੇ ਤੁਲ ਹੈ।......
>
> ਵਿਸ਼ਵ ਸਿਹਤ ਸੰਸਥਾ ਦੀ ਖੋਜ ਅਨੁਸਾਰ ਜੇ ਤਮਾਕੂ ਨਾ ਪੀਣ ਵਾਲਾ ਬੰਦਾ ਸਿਗਰਟ ਦੇ ਧੂੰਏਂ ਨਾਲ ਭਰੇ ਹੋਏ ਕਮਰੇ ਵਿਚ ਇਕ ਘੰਟੇ ਦਾ ਸਮਾਂ ਬਤੀਤ ਕਰੇ ਤਾਂ ਉਸ ਦੇ ਅੰਦਰ ਇਤਨੀ ਨਿਕੋਟੀਨ ਚਲੀ ਜਾਂਦੀ ਹੈ ਜਿਤਨੀ ਕਿ ਇਕ ਸਿਗਰਟ ਪੀਣ ਨਾਲ। ਹੋ ਸਕਦਾ ਹੈ ਕਿ ਕਈ ਸਿਗਰਟ ਪੀਣ ਵਾਲੇ ਇਹ ਪੂਰੀ ਤਰ੍ਹਾਂ ਮਹਿਸੂਸ ਨਹੀਂ ਕਰਦੇ ਕਿ ਉਹਨਾਂ ਦਾ ਛਡਿਆ ਧੂੰਆਂ ਵਾਸਤਵ ਵਿਚ ਦੂਸਰਿਆਂ ਲਈ ਹਾਨੀਕਾਰਕ ਹੈ। ਤਮਾਕੂ ਪੀਣ ਵਾਲਿਆਂ ਨੂੰ ਤਾਂ ਆਪਣੀ ਗ਼ਲਤੀ ਕਾਰਨ ਦਿਲ ਦਾ ਦੌਰਾ, ਫੇਫੜਿਆਂ ਦਾ ਕੈਂਸਰ, ਖਾਂਸੀ, ਦਮਾ ਆਦਿ ਰੋਗ ਚੰਬੜਨੇ ਹੀ ਹੋਏ, ਪਰ ਜਿਨ੍ਹਾਂ ਲੋਕਾਂ ਦੇ ਅੰਦਰ ਤਮਾਕੂ ਦਾ ਧੂੰਆਂ ਕਿਸੇ ਵੀ ਰੂਪ ਵਿਚ ਜਾਵੇ, ਉਨ੍ਹਾਂ ਨੂੰ ਵੀ ਇਹ ਮਾਰੂ ਰੋਗ ਲਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਜਾਨਵਰਾਂ (ਸਹਿਆਂ ਅਤੇ ਚੂਹਿਆਂ) ਉਤੇ ਤਜਰਬੇ ਕਰ ਕੇ ਇਹ ਨਤੀਜੇ ਕਢੇ ਗਏ ਹਨ। ਤਮਾਕੂ ਪੀਣ ਨਾਲ ਜਿੰਨੀ ਮਾਤਰਾ ਵਿਚ ਜ਼ਹਿਰੀਲੇ ਮਾਦੇ ਕਿਸੇ ਪਿਅੱਕੜ ਦੇ ਅੰਦਰ ਪਰਵੇਸ਼ ਕਰਦੇ ਹਨ, ਉਸ ਤੋਂ ਜ਼ਿਆਦਾ ਉਹਨਾਂ ਵਲੋਂ ਕਢੇ ਗਏ ਧੂੰਏਂ ਵਿਚ ਹੁੰਦੇ ਹਨ।"

ਵਿਸ਼ਵ ਖੋਜ ਅਨੁਸਾਰ ਜਦੋਂ ਇਹ ਗੱਲ ਨਿਰਣਤ ਕੀਤੀ ਜਾ ਚੁਕੀ ਹੈ ਕਿ ਤਮਾਕੂ ਦੇ ਧੂੰਏਂ ਵਿਚ ਬਹੁਤ ਭਾਰੀ ਮਾਤਰਾ ਵਿਚ ਜ਼ਹਿਰੀਲੇ ਮਾਦੇ ਮੌਜੂਦ ਹੁੰਦੇ ਹਨ, ਅਤੇ ਉਹ ਜ਼ਹਿਰ ਉਸ ਧੂੰਏ ਵਿਚ ਸਿਗਰਟ ਪੀਣ ਵਾਲਿਆਂ ਨਾਲੋਂ ਵੀ ਵਧ ਹੁੰਦੇ ਹਨ, ਫਿਰ ਸਮਝ ਨਹੀਂ ਆਉਂਦੀ ਕਿ ਕਿਉਂ ਉਨ੍ਹਾਂ ਲੋਕਾਂ ਨੂੰ ਰਾਹ ਜਾਂਦਿਆਂ ਧੂੰਆਂ ਲੈਣ ਦੀ ਸਜ਼ਾ ਦਿਤੀ ਜਾਂਦੀ ਹੈ, ਜੋ ਇਸ ਨੂੰ ਬੁਰੀ ਤਰ੍ਹਾਂ ਨਫ਼ਰਤ ਕਰਦੇ ਹਨ ਅਤੇ ਅਜਿਹੇ ਬੇਗੁਨਾਹ ਲੋਕਾਂ ਨੂੰ ਸੜਕਾਂ, ਬਜ਼ਾਰਾਂ, ਰੇਲ-ਗਡੀਆਂ, ਬਸਾਂ, ਰੈਸਟੋਰੈਂਟਾਂ, ਹਸਪਤਾਲਾਂ, ਯੂਨੀਵਰਸਿਟੀਆਂ, ਡਾਕਖ਼ਾਨਿਆਂ, ਬੈਂਕਾਂ ਅਤੇ ਦਫ਼ਤਰਾਂ ਆਦਿ ਵਿਚ ਅਣਚਾਹੇ ਹੀ ਤਮਾਕੂ ਦਾ ਧੂੰਆਂ ਪਿਲਾਇਆ ਜਾਂਦਾ ਹੈ



www.AKJ.Org

ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਬਦੋ-ਬਦੀ ਧੂੰਏ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜੇ ਕਿਤੇ ਕਾਨੂੰਨਨ ਤੌਰ ਤੇ ਸਿਗਰਟ ਨਾ ਪੀਣ ਦੀ ਹਦਾਇਤ ਵੀ ਹੁੰਦੀ ਹੈ, ਤਾਂ ਉਸ ਦੀ ਰਤਾ ਪਰਵਾਹ ਨਹੀਂ ਕੀਤੀ ਜਾਂਦੀ ਅਤੇ ਕਾਨੂੰਨ ਦੀ ਮਿਟੀ ਦਿਨ-ਦੀਵੀਂ ਪਲੀਤ ਕੀਤੀ ਜਾਂਦੀ ਹੈ।

ਗੁਰਸਿਖਾਂ ਨੂੰ ਲੱਕ ਬੰਨ੍ਹ ਕੇ ਇਸ ਨਾ-ਮੁਰਾਦ ਬਲਾ ਤੋਂ ਬਚਣ ਲਈ ਕੋਈ ਠੋਸ ਕਦਮ ਪੁਟਣੇ ਚਾਹੀਦੇ ਹਨ ਅਤੇ ਜਿਥੇ ਸਰਕਾਰ ਨੂੰ ਹਲੂਣਨ ਦੀ ਲੋੜ ਹੈ, ਉਥੇ ਆਮ ਜਨਤਾ ਨੂੰ ਵੀ ਇਸ ਮਹਾਨ ਭਿਆਨਕ ਜ਼ਹਿਰ ਦੀ ਅਸਲੀਅਤ ਦਸਣ ਲਈ ਨਿਗਰ ਪਰਚਾਰ ਦੀ ਲੋੜ ਹੈ। ਭਾਰੀ ਮਾਤਰਾ ਵਿਚ ਇਸ ਦੀਆਂ ਬੁਰਿਆਈਆਂ ਟਰੈਕਟਾਂ ਵਿਚ ਛਪਵਾ ਕੇ ਭੁਲੀ ਭਟਕੀ ਜਨਤਾ ਨੂੰ ਜਾਣੂ ਕਰਾਉਣ ਦੀ ਲੋੜ ਹੈ।

ਤਮਾਕੂ ਵਾਂਗ ਹੀ ਮਾਸ ਸ਼ਰਾਬ ਅਥਵਾ ਸ਼ਰਾਬ-ਕਬਾਬ ਵੀ ਦੁਨੀਆ ਦੀ ਤਬਾਹੀ ਦਾ ਕਾਰਨ ਬਣ ਰਹੇ ਹਨ। ਵਿਸ਼ਵ ਵਿਚ ਬੀਮਾਰੀਆਂ ਦੇ ਇਲਾਜ ਲਭਣ ਵਿਚ ਜਿਤਨੀ ਵਧੇਰੇ ਨਵੀਂ ਤੋਂ ਨਵੀਂ ਖੋਜ ਹੋ ਰਹੀ ਹੈ, ਉਤਨੀਆਂ ਹੀ ਬੀਮਾਰੀਆਂ ਵਧ ਰਹੀਆਂ ਹਨ, ਜਿਨ੍ਹਾਂ ਤੇ ਕਾਬੂ ਪਾਣਾ ਮੁਸ਼ਕਲ ਬਣ ਰਿਹਾ ਹੈ। ਕੈਂਸਰ ਨਵੇਂ ਤੋਂ ਨਵੇਂ ਰੂਪ ਵਿਚ ਮਨੁਖਾਂ ਅੰਦਰ ਉਭਰ ਰਹੇ ਹਨ, ਜਿਨ੍ਹਾਂ ਦੇ ਇਲਾਜ ਲਖਾਂ ਕਰੋੜਾਂ ਰੁਪਏ ਖਰਚ ਕੇ ਵੀ ਡਾਕਟਰਾਂ ਪਾਸ ਨਹੀਂ ਹਨ। ਹੋਰ ਕਈ ਤਰ੍ਹਾਂ ਦੇ ਰੋਗਾਂ ਦੀ ਭਰਮਾਰ ਪੈ ਰਹੀ ਹੈ।

ਅਸੀਂ ਇਨ੍ਹਾਂ ਰੋਗਾਂ ਦੇ ਮੂਲ ਕਾਰਨਾਂ ਨੂੰ ਰੋਕਣ ਦੀ ਕੋਸ਼ਸ਼ ਨਹੀਂ ਕਰ ਰਹੇ। ਮੂਲ ਕਾਰਨ ਸਾਦੀ ਖ਼ੁਰਾਕ ਦੀ ਥਾਂ ਗੰਦੀ ਖ਼ੁਰਾਕ ਹੈ, ਸ਼ਰਾਬ ਕਬਾਬ ਹੈ। ਜਦ ਤਕ ਮਤ ਵਿਚ ਬਰਲ ਲੈ ਆਉਣ ਵਾਲੀਆਂ ਇਨ੍ਹਾਂ ਖ਼ੁਰਾਕਾਂ ਨੂੰ ਅਸੀਂ ਨਹੀਂ ਤਿਆਗਦੇ, ਓਨਾ ਚਿਰ ਅਸੀਂ ਨਾ ਇਸ ਲੋਕ ਵਿਚ ਸੁਖੀ ਵਸ ਸਕਦੇ ਹਾਂ ਅਤੇ ਨਾ ਹੀ ਪਰਲੋਕ ਸਵਾਰ ਸਕਦੇ ਹਾਂ।

ਸਿਖ ਧਰਮ ਵਿਚ ਤਮਾਕੂ ਵਾਂਗ ਹੀ ਮਾਸ ਸ਼ਰਾਬ ਵੀ ਵਿਵਰਜਿਤ ਹਨ, ਜਿਨ੍ਹਾਂ ਬਾਰੇ 'ਸੂਰਾ' ਪੱਤਰ ਵਿਚ ਗੁਰਬਾਣੀ ਤੇ ਅਧਾਰਤ ਕਈ ਲੇਖ ਦਿਤੇ ਜਾ ਚੁਕੇ ਹਨ। ਤੇ ਇਸ ਸੰਬੰਧ ਵਿਚ ਕਈ ਪੁਸਤਕਾਂ* ਵੀ ਛਪ ਚੁਕੀਆਂ ਹਨ। ਸੋ ਸਾਨੂੰ ਇਨ੍ਹਾਂ ਤੋਂ ਬਚ ਕੇ ਗੁਰਸਿਖੀ ਦੀ ਕਮਾਈ ਕਰਨੀ ਬਣ ਆਉਂਦੀ ਹੈ। ਅੰਮ੍ਰਿਤ ਵੇਲੇ ਦੀ ਸੰਭਾਲ ਵੀ ਤਦ ਹੀ ਹੋ ਸਕਦੀ ਹੈ ਅਤੇ ਨਾਮ ਬਾਣੀ ਵਿਚ ਸੁਰਤੀ ਵੀ ਤਾਂ ਹੀ ਜੁੜ ਸਕਦੀ ਹੈ, ਜੇ 'ਅਲਪ ਅਹਾਰ ਸੁਲਪ ਸੀ ਨਿੰਦ੍ਰਾ' ਨੂੰ ਧਾਰਨ ਕਰਾਂਗੇ। ਮਾਸ ਸ਼ਰਾਬ ਦਾ ਸੇਵਨ ਕਰਨ ਵਾਲਾ ਨਾਮ ਬਾਣੀ ਵਿਚ ਕਿਵੇਂ ਜੁਟ ਸਕਦਾ ਹੈ?

ਸੋ ਇਨ੍ਹਾਂ ਸਭ ਬੁਰੀਆਂ ਵਸਤੂਆਂ ਦੇ ਬਰਖਿਲਾਫ਼ ਪਰਚਾਰ ਲਈ ਇਕ ਤਕੜੀ ਮੁਹਿੰਮ ਖੜੀ ਕਰਨ ਦੀ ਡਾਢੀ ਲੋੜ ਹੈ ਅਤੇ ਉਚੇ ਸੁਚੇ ਜੀਵਨ ਨੂੰ ਅਪਣਾਉਣ ਲਈ ਅਜਿਹਾ ਪਰਚਾਰ ਕਰਨਾ ਜ਼ਰੂਰੀ ਹੈ।

ਇਸ ਦੇ ਉਲਟ ਸਾਨੂੰ ਇਹ ਸੁਣ ਕੇ ਹੈਰਾਨੀ ਹੁੰਦੀ ਹੈ ਕਿ ਕਈ ਅਜਿਹੇ ਸਜਣ ਦੇਸਾਂ-ਪਰਦੇਸਾਂ ਵਿਚ ਰਹਿੰਦੇ ਹੋਏ ਆਪ ਤਾਂ ਸੂਫ਼ੀ ਜੀਵਨ ਬਿਤਾਣ ਦਾ ਢੌਂਗ ਰਚੀ ਬੈਠੇ ਹਨ ਅਤੇ ਇਨ੍ਹਾਂ ਚੀਜ਼ਾਂ ਨੂੰ ਵਰਤਦੇ ਨਹੀਂ, ਪਰ ਇਨ੍ਹਾਂ ਚੀਜ਼ਾਂ ਦਾ ਵਪਾਰ ਕਰਦੇ ਹਨ। ਉਹ ਕਹਿੰਦੇ ਹਨ, ਅਸੀਂ ਕਿਹੜਾ ਸ਼ਰਾਬ ਨੂੰ ਹੱਥ ਲਾਂਦੇ ਹਨ, ਅਸੀਂ ਕਿਹੜਾ ਸਿਗਰਟਾਂ ਨੂੰ ਛੂਹੰਦੇ ਹਾਂ, ਅਸੀਂ ਤਾਂ ਬੰਦ ਡਬੇ ਜਾਂ ਬੰਦੇ ਪੇਟੀਆਂ ਆਈਆਂ, ਬਾਹਰੋ ਬਾਹਰ ਸਪਲਾਈ ਕਰ ਦੇਂਦੇ ਹਾਂ। ਇਨ੍ਹਾਂ ਨੂੰ ਵਰਤਣ ਵਾਲੇ ਦੋਸ਼ੀ ਹਨ, ਅਸੀਂ ਕਿਵੇਂ ਹੋ ਸਕਦੇ ਹਾਂ? ਆਪਣੇ ਆਪ ਨੂੰ ਤਸੱਲੀ ਦੇਣ ਲਈ ਇਹ ਵਿਚਾਰ ਬੇਸ਼ਕ ਬਣਾਈ ਰਖਣ, ਪਰ ਸੱਚੇ ਪਾਤਸ਼ਾਹ ਦੀ ਦਰਗਾਹ ਵਿਚ ਇਹ ਗੱਲ ਉਘੜੇਗੀ ਅਤੇ ਪੁਛਿਆ ਜਾਵੇਗਾ, "ਓਇ ਰੱਬ ਦੇ ਬੰਦਿਆ! ਦਸ ਤਾਂ ਸਹੀ ਕਿ ਤੂੰ ਕਿੰਨੇ ਲੋਕਾਂ ਨੂੰ ਬੁਰੀਆਂ ਚੀਜ਼ਾਂ ਸਪਲਾਈ ਕਰ ਕਰ ਕੇ ਬੁਰਿਆਈ ਵਲ ਲਾਇਆ ਹੈ? ਤੂੰ ਬੁਰਿਆਈ ਨੂੰ

* ੧. ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ (ਭਾ: ਸਾ: ਰਣਧੀਰ ਸਿੰਘ ਜੀ)
੨. ਸਿਖ ਧਰਮ ਤੇ ਮਾਸ ਸ਼ਰਾਬ (ਜੇ.ਪੀ.ਸੰਗਤ ਸਿੰਘ) ੩.ਤਉ ਕਿਉ ਮੁਰਗੀ ਮਾਰੈ?(ਭਾ:ਜੋਗਿੰਦਰਸਿੰਘ ਜੀਤਲਾਵਾੜ)



www.AKJ.Org

# ਭਾਃ ਸਾਃ ਭਾਈ ਰਣਧੀਰ ਸਿੰਘ ਪੁਸਤਕ ਟ੍ਰਸਟ

ਇਸ ਟ੍ਰਸਟ ਦੀ ਮੀਟਿੰਗ 19, 11. 83 ਨੂੰ ਖਾ: ਹਾ: ਸੈਕੰਡਰੀ ਸਕੂਲ ਜਲੰਧਰ ਵਿਚ ਹੋਈ, ਜਿਸ ਵਿਚ ਹੇਠ ਲਿਖੇ ਸਜਣ ਸਾਮਲ ਹੋਏ :–

1. ਭਾਈ ਰਾਮ ਸਿੰਘ (ਜਥੇਦਾਰ), 2. ਭਾ: ਬਲਬੀਰ ਸਿੰਘ ਜੀ (ਸਕੱਤਰ), 3. ਡਾ: ਦਰਸ਼ਨ ਸਿੰਘ ਜੀ, 4. ਭਾ: ਦਿਆਲ ਸਿੰਘ ਜੀ, 5. ਪ੍ਰੋ: ਹਰਿੰਦਰ ਸਿੰਘ ਜੀ, 6. ਲੈ: ਕ: ਦਲਜੀਤ ਸਿੰਘ ਜੀ, 7. ਭਾ: ਹਰਚਰਨ ਸਿੰਘ ਜੀ ਚੰਡੀਗੜ੍ਹ (3 ਤੋਂ 8 ਤਕ ਟ੍ਰਸਟੀ) । 8. ਪ੍ਰੋ: ਬੇਅੰਤ ਸਿੰਘ ਜੀ ਦਿਲੀ ਕਿਸੇ ਕਾਰਨ ਹਾਜ਼ਰ ਨਾ ਹੋ ਸਕੇ ।

(੨) ਭਾਈ ਬਲਬੀਰ ਸਿੰਘ ਜੀ ਨੇ ਟ੍ਰਸਟ ਦੇ ਪਿਛੋਕੜ, ਇਸ ਦੀ ਲੋੜ ਅਤੇ ਮਹੱਤਵ ਬਾਰੇ ਚਾਨਣਾ ਪਾਇਆ । ਟ੍ਰਸਟ ਵਿਚ ਖਾਲੀ ਅਸਾਮੀਆਂ ਨੂੰ ਪੂਰਾ ਕਰਨ ਲਈ ਸਰਬ ਸੰਮਤੀ ਨਾਲ–ਭਾਈ ਰਾਮ ਸਿੰਘ ਨੂੰ ਚੁਣ ਕੇ, ਜਥੇਦਾਰ ਦੀ ਹੈਸੀਅਤ ਵਿਚ ਭਾਈ ਰਾਮ ਸਿੰਘ ਪ੍ਰੈਜ਼ੀਡੰਟ, ਡਾ: ਦਰਸ਼ਨ ਸਿੰਘ ਜੀ ਨੂੰ ਵਾਇਸ. ਪ੍ਰੈਜ਼ੀਡੰਟ ਤੇ ਭਾਈ ਹਰਚਰਨ ਸਿੰਘ ਜੀ ਨੂੰ ਟ੍ਰਸਟੀ ਚੁਣਿਆ ਗਿਆ ।

(੩) ਸਕੱਤਰ ਸਾਹਿਬ ਨੇ ਦਸਿਆ ਕਿ ਟ੍ਰਸਟ ਪਾਸ ੧,੦੫,੧੪੦ ਰੁਪਏ ਕਿਤਾਬਾਂ ਅਤੇ ਕਾਗਜ਼ ਦੇ ਰੂਪ ਵਿਚ ਬੰਦ ਪਏ ਹਨ, ਅਤੇ ੧੨,੮੦੦ ਰੁਪਏ ਕੈਸ਼ ਦੇ ਰੂਪ ਵਿਚ ਹਨ ।

(੪) (ੳ) ਟ੍ਰਸਟ ਦੀਆਂ ਅੰਕੜਾਂ ਨੂੰ ਮੁਖ ਰਖ ਕੇ ਪਾਸ ਹੋਇਆ ਕਿ ਹਰ ਵਡੇ ਸ਼ਹਿਰ, ਜਿਥੇ ਜਥੇ ਦੇ ਸਾਲਾਨਾ ਸਮਾਗਮ ਹੁੰਦੇ ਹਨ, ਸਿੰਘ, ਟ੍ਰਸਟ ਦੀਆਂ ਕਿਤਾਬਾਂ ਵੇਚਣ ਵਿਚ ਸਹੂਲਤ ਪੈਦਾ ਕਰਨ ਲਈ ਏਜੰਸੀਆਂ ਕਾਇਮ ਕਰਨ । ਇਹ ਏਜੰਸੀਆਂ ਲਕਲ ਗਾਹਕਾਂ ਦੀ ਲੋੜ ਨੂੰ ਮੁਖ ਰਖ ਕੇ ਟ੍ਰਸਟ ਪਾਸੋਂ ਕਿਤਾਬਾਂ ਖ਼ਰੀਦ ਕੇ ਆਪਣੇ ਪਾਸ ਸਟਾਕ ਕਰਨ । ਇਸ ਤਰ੍ਹਾਂ ਪ੍ਰਾਪਤ ਹੋਈ ਮਾਇਆ ਨਾਲ ਹੋਰ ਹੋਰ ਪੁਸਤਕਾਂ ਦੀ ਛਪਾਈ ਦਾ ਕੰਮ ਤੁਰ ਸਕੇਗਾ ਅਤੇ ਹਰ ਗਾਹਕ ਨੂੰ ਆਪਣੇ ਇਲਾਕੇ ਦੀ ਏਜੰਸੀ ਪਾਸੋਂ ਸਭ ਲੋੜੀਂਦੀਆਂ ਪੁਸਤਕਾਂ ਮਿਲ ਸਕਣਗੀਆਂ ।

(ਅ) ਭਾ: ਸਾ: ਭਾਈ ਰਣਧੀਰ ਸਿੰਘ ਜੀ 'ਪਾਠ ਉਤਸ਼ਾਹਤ ਸਕੀਮ' ਅਧੀਨ ਪਾਠ-ਮੁਕਾਬਲੇ ਲਈ, ਪ੍ਰੀਖਿਆ ਅਤੇ ਇਨਾਮਾਂ ਲਈ ਬੰਦੋਬਸਤ ਇਹ ਟ੍ਰਸਟ ਹੀ ਕਰੇ ।

ਨੋਟ–ਜਿਨ੍ਹਾਂ ਗੁਰਸਿਖਾਂ ਨੇ ਆਪਣੀ ਕਮਾਈ ਸਫਲ ਕਰਨੀ ਹੋਵੇ, ਉਹ ਆਪਣੇ ਦਸਵੰਧ ਦਾ ਹਿਸਾ ਭਾ: ਸਾ: ਭਾਈ ਰਣਧੀਰ ਸਿੰਘ ਪੁਸਤਕ ਟ੍ਰਸਟ, ੧੨੯–ਮਾਡਲ ਟਾਊਨ, ਲੁਧਿਆਣਾ ਦੇ ਨਾਮ ਭੇਜਣ ਦੀ ਕਿਰਪਾ ਕਰਨ ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ)

ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮ੍ਰਿਤਸਰ ।

---

● ਵਿਸਥਾਰਨ ਲਈ ਮਹਾਨ ਦੋਸ਼ੀ ਹੈਂ ।'' ਗੁਰਬਾਣੀ ਸਪੱਸ਼ਟ ਸੇਧ ਦੇ ਰਹੀ ਹੈ–

ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮਰਾਇ ॥੨॥੨੦॥ (੯੬੫)

ਇਹ ਗੱਲ ਦ੍ਰਿੜ੍ਹ ਕਰਨ ਦੀ ਲੋੜ ਹੈ ਕਿ ਬੱਕਰੇ ਮਾਰਨ ਵਾਲੇ, ਕਸਾਈ ਪਾਸ ਬੱਕਰੇ ਵੇਚਣ ਵਾਲੇ ਅਤੇ ਬੱਕਰਿਆਂ ਨੂੰ ਖਾਣ ਵਾਲੇ, ਸਭ ਬਰਾਬਰ ਦੇ ਹੀ ਦੋਸ਼ੀ ਹਨ । ਸ਼ਰਾਬ ਬਣਾਉਣ ਵਾਲੇ, ਸ਼ਰਾਬ ਵੇਚਣ ਵਾਲੇ, ਸ਼ਰਾਬ ਪੀਣ ਵਾਲੇ ਅਤੇ ਪੀਣ ਲਈ ਪ੍ਰੇਰਨ ਵਾਲੇ ਸਾਰੇ ਹੀ ਇਕੋ ਜਿਹੇ ਕਸੂਰਵਾਰ ਹਨ । ਤਮਾਕੂ ਜਾਂ ਸਿਗਰਟ ਦੀ ਉਪਜ ਕਰਨ ਵਾਲੇ, ਵਪਾਰ ਕਰਨ ਵਾਲੇ, ਤਮਾਕੂ ਪੀਣ ਵਾਲੇ ਅਤੇ ਦੂਜਿਆਂ ਤੇ ਧੂੰਏਂ ਛੱਡਣ ਵਾਲੇ ਸਾਰੇ ਹੀ ਹਰਿ-ਦਰਗਾਹ ਵਿਚ ਡੰਨੇ ਜਾਣਗੇ, ਉਥੇ ਕਿਸੇ ਦਾ ਕੋਈ ਲਿਹਾਜ਼ ਨਹੀਂ ਹੋਣਾ । ਹੁਕਮ ਹੈ– ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥

(ਆਸੀ ਦੀ ਵਾਰ, ਪਉੜੀ ਦੂਜੀ)

www.AKJ.Org

# ਚਲਦੀਆਂ, ਤੁਰੀਆਂ ਜਾਂਦੀਆਂ, ਪੰਥ-ਕਹਾਣੀਆਂ

(ਗਿਆਨੀ ਹਜ਼ਾਰਾ ਸਿੰਘ ਜੀ, ਡੀ.ਐਸ.ਪੀ. ਰੀਟਾਇਰਡ, ਗੁਰਦਾਸਪੁਰ)

ਰਣਭੂਮੀ ਚਮਕੌਰ ਦੀਏ, ਨੀ ਤੈਨੂੰ ਨਮਸਕਾਰਾਂ, ਤੈਨੂੰ ਨਮਸਕਾਰਾਂ ।
ਜਿਥੇ ਅਜੀਤ ਜੁਝਾਰ ਨੇ ਵਾਹੀਆਂ ਤਲਵਾਰਾਂ, ਜੋਧੇ ਬਲਕਾਰਾਂ ।
ਲੱਖਾਂ ਵੈਰੀ-ਫੌਜਾਂ ਸੀ, ਖੜੀਆਂ ਬੰਨ੍ਹ ਕਤਾਰਾਂ ।
ਨਾਹਰੇ ਲਾਵਣ 'ਅਲੀ ਅਲੀ' ਮਚਾਵਣ ਹਾਹਾਕਾਰਾਂ ।
ਕੱਚੀ ਗੜ੍ਹੀ ਨੂੰ ਘੇਰਾ ਪਾਇਆ, ਮਾਰਨ ਪਏ ਲਲਕਾਰਾਂ ।
ਚਾਲ੍ਹੀ ਭੁੱਖੇ ਸ਼ੇਰ ਗੜ੍ਹੀ ਵਿਚ, ਕਰਦੇ ਸੋਚ ਵੀਚਾਰਾਂ ।
ਕਲ੍ਹਾ ਕਲ੍ਹਾ ਨਿਕਲ ਹਵੇਲੀਓਂ, ਟਾਕਰਾ ਕਰੇ ਹਜ਼ਾਰਾਂ ।
ਲੋਹੇ ਉਤੇ ਲੋਹਾ ਖੜਕੇ, ਪੈਣ ਟੱਕ ਟੰਕਾਰਾਂ ।
ਅਕਾਲ ਅਕਾਲ ਜੈਕਾਰਿਆਂ, ਪਾਈਆਂ ਗੂੰਜ ਗੁੰਜਾਰਾਂ ।
ਬੁੱਕਣ ਸ਼ੇਰ, ਤੇ ਨੱਸਣ ਅਗੇ, ਭੇਡਾਂ ਵਾਂਗ ਹਜ਼ਾਰਾਂ ।
ਲਾਸ਼ਾਂ ਉਤੇ ਲਾਸ਼ਾਂ ਚੜ੍ਹੀਆਂ, ਚਲਣ ਖ਼ੂਨ-ਫੁਹਾਰਾਂ ।
ਲਿਖਣ ਨੂੰ ਮਿਸਾਲ ਨਾ ਲੱਭੇ, ਵਡੇ ਵਡੇ ਇਤਿਹਾਸਕਾਰਾਂ ॥੧॥

ਨਾਲ ਬੰਦੇ ਦੇ ਫਿਰ ਸਰਹੰਦ ਦੀਆਂ, ਪੁੱਟ ਸੁਟੀਆਂ ਦੀਵਾਰਾਂ ।
ਮੱਲੇ ਵਖ ਵਖ ਹਲਕੇ ਦੇਸ ਦੇ, ਮਹਾਂ ਬਲੀ ਸਰਦਾਰਾਂ ।
ਹਾਕਮ ਸੀ ਸਿੰਘ, ਸਹਿਜੇ ਸਹਿਜੇ ਬਣੀਆਂ ਮਿਸਲਾਂ ਬਾਰ੍ਹਾਂ ।
ਰਣਜੀਤ ਤੇ ਨਲੂਏ, ਬਾਰ੍ਹਾਂ ਨੂੰ ਪ੍ਰੋਤਾ ਇਕੋ ਤਾਰਾਂ ।
ਪਈ ਗ਼ੁਲਾਮੀ ਸਦੀਆਂ ਦੀ, ਉਡੀ ਲਾ ਉਡਾਰਾਂ ।
ਬੇਅੰਤ ਸ਼ਹੀਦੀਆਂ ਦੇ ਕੇ, ਬਣੀਆਂ ਖਾਲਸਾ ਸਰਕਾਰਾਂ ।
ਨਿਸ਼ਾਨ ਕੇਸਰੀ ਝੁੱਲਣ ਲੱਗਾ, ਪਿਸ਼ਾਵਰ, ਬਲਖ ਬੁਖ਼ਾਰਾਂ।
ਕਰਨ ਸਲਾਮਾਂ ਨਿਉਂ ਨਿਉਂ ਕੇ, ਕਾਬਲ ਤੇ ਕੰਧਾਰਾਂ ।
ਸਭੇ ਸਾਂਝੀਵਾਲ ਰਾਜ ਦੇ, ਦਿਸਣ ਨਾ ਦੂਜਾਰਾਂ ।
ਭੁਲ ਗਏ ਦੁਖੜੇ ਜੰਗਲਾਂ ਦੇ, ਖਿੜੀਆਂ ਸੁਖ ਗੁਲਜ਼ਾਰਾਂ ॥੨॥

ਚਾਲ੍ਹੀ ਸਾਲਾਂ ਪਿਛੋਂ ਫਿਰ ਮੁੜ, ਰਾਜ ਭਾਗ ਦੇ ਵਡੇ ਗ਼ਦਾਰਾਂ ।
ਲੈ ਆਂਦਾ ਫ਼ਰੰਗੀ ਨੂੰ, ਅ ਪਣਿਆਂ ਹੀ ਧੋਖੇਦਾਰਾਂ ।
ਏਸ ਗ਼ੁਲਾਮੀ ਵਿਚ ਵੀ ਜਦ ਤੂੰ ਹੱਲ ਵਾਹਿਆ ਵਿਚ ਬਾਰਾਂ ।
ਆਈ ਖੁਸ਼ਹਾਲੀ, ਗਈ ਗ਼ਰੀਬੀ, ਲਗੀਆਂ ਮੌਜ ਬਹਾਰਾਂ ।
ਆ ਉੱਠੀ ਆਜ਼ਾਦੀ ਲਹਿਰ ਫਿਰ, ਸ਼ਾਂਤਮਈ ਚੋਂ ਮਾਰੋ ਮਾਰਾਂ ।
ਸਭ ਤੋਂ ਹਿੱਸਾ ਵਧ ਕੇ ਪਾਇਆ, ਪੰਜਾਬ ਦਿਆਂ ਸਰਦਾਰਾਂ ।
ਗਿਆ ਫ਼ਰੰਗੀ ਆਈ ਆਜ਼ਾਦੀ, ਮਚ ਗਏ ਸ਼ੋਰ ਸ਼ਰਾਰਾਂ ।

# ਸਵਾਂਤੀ ਬੂੰਦਾਂ

ਹਕੀਮ ਹਰਿਭਜਨ ਸਿੰਘ 'ਸ਼ਰਨ'
ਮਾਲੂਵਾਲੀਆ

ਰਤਨ ਜਨਮ ਅਜਾਈਂ ਜਾਂਦਾ,
ਭਵ ਸਾਗਰ ਤੋਂ ਪਾਰ ਹੋਵੇ ।
ਮੁਕੇ ਗੇੜ ਚੁਰਾਸੀ ਵਾਲਾ,
ਬਹੁੜ ਜਨਮ ਨਾ ਯਾਰ ਹੋਵੇ ।
ਸਾਸ ਗਿਰਾਸ ਲੇਖੇ ਵਿਚ ਆਵਣ,
ਨਾ ਸਿਰ ਜਮ-ਜੰਦਾਰ ਹੋਵੇ ।
ਲੋਕ ਸੁਖੀ ਪ੍ਰਲੋਕ ਸੁਹੇਲੇ,
ਜੇ ਸਿਮਰਨ-ਸੇਵਾ ਯਾਰ ਹੋਵੇ ॥

ਪਾਰਸ-ਕਲਾ ਨਾਮ ਜਦ ਵਰਤੇ,
ਡੁੱਬੇ ਬੇੜੇ ਤਰਦੇ ਨੇ ।
ਸਾਸ ਗਿਰਾਸ ਉਚਾਰਨ ਵਾਲੇ,
ਨਾ ਜੰਮਦੇ ਨਾ ਮਰਦੇ ਨੇ ।
ਬਿਸਮ ਸੁਆਸੀ, ਕੰਵਲ ਨਿਵਾਸੀ,
ਜੋਤਿ ਵਿਗਾਸੀ ਵਰਦੇ ਨੇ ।
ਚਰਨ-ਕੰਵਲਾਰੀ ਰਸ ਬੋਹਾਰੀ,
ਪਾਵਨ ਚਸ਼ਮੇ ਝਰਦੇ ਨੇ ॥

ਚਰਨ ਕੰਵਲ ਦੀ ਮੌਜ ਮਾਣਦੇ,
ਜੀਊਂਦੇ-ਜੀ ਮਰ ਜੀਵੇ ਹੂ ।
ਆਤਮ-ਰੰਗ ਚਲੂਲੇ ਜਿਹੜੇ,
ਪ੍ਰੀਤ ਪਿਰੰਮੜੀ ਦੀਵੇ ਹੂ ।
ਰੈਣ ਭਲੀ ਤੇ ਦਿਵਸ ਸੁਹਾਏ,
ਹੋਇ ਰਹਿਣ ਨਿਤ ਖੀਵੇ ਹੂ ।
ਚਰਨ ਕਮਲ ਦਾ ਰਸ ਅਨੂਠਾ,
'ਵਿਰਲਾ ਗੁਰਮੁਖਿ ਪੀਵੇ' ਹੂ ॥

ਸਾਜਨੜੇ ਮੇਰੇ ਪ੍ਰੀਤਮ ਸੁਆਮੀ,
ਪਾਵਨ ਛੁਹ ਤੇਰੀ, ਪਾਰਸ ਤੂੰ ।



www.AKJ.Org

ਪੰਜਾਬੀ ਨੂੰ ਮਾਰੇ ਪੰਜਾਬੀ, ਫੜੀਆਂ ਤੇਜ਼ ਕਟਾਰਾਂ ।
ਨਦੀਆਂ ਵਗੀਆਂ ਖੂਨ ਦੀਆਂ, ਖੁੱਸ ਗਈਆਂ ਉਹ ਬਾਰਾਂ ।।੩।।

ਮਿਹਨਤ ਕੀਤੀ ਨਵੇਂ ਪੰਜਾਬੇ ਦਿਤੀਆਂ ਬਦਲ ਨੁਹਾਰਾਂ।
ਬੰਜਰ ਪਈ ਸਦੀਆਂ ਦੀ ਧਰਤੀ, ਮਾਰੇ ਹਰੇ ਹੁਲਾਰਾਂ ।
ਚੌਲ, ਕਣਕ ਤੇ ਨਰਮੇ ਦੇ, ਲਗੇ ਆਣ ਅੰਬਾਰਾਂ ।
ਵੇਖ ਨਾ ਸਕਣ ਗ਼ੈਰ-ਪੰਜਾਬੀ, ਗੁੰਦੀਆਂ ਵਿਉਂਤ ਵੀਚਾਰਾਂ ।
ਪਾਣੀ ਸਾਡਾ ਚੁਰਾਵਣ ਲਈ, ਪਾਈਆਂ ਵੱਡੀਆਂ ਗੁੰਝਲਦਾਰਾਂ ।
ਜਿਨਸ ਤੇਰੀ ਤੇ ਭਾਅ ਬੰਨ੍ਹਦੀਆਂ ਦਿਲੀ ਦੀਆਂ ਸਰਕਾਰਾਂ ।
ਪੈਸਾ ਪੰਜਾਬੀ, ਖਰਚੇ ਦਿੱਲੀ, ਵਾਹੁ ਅਦਲੀ ਸਰਕਾਰਾਂ ।
ਧੱਕਾ ਹੁੰਦਾ ਵੇਖ ਪੰਜਾਬੇ, ਮੱਚ ਪਈਆਂ ਹਾਹਾਕਾਰਾਂ ।
ਤਾਂ ਤਿਆਗੀ ਲੌਂਗੋਵਾਲਿਆਂ ਸੰਤਾਂ ਮਾਰੀਆਂ ਉਠ ਲਲਕਾਰਾਂ ।
ਸੇਨਤ ਕਰਨ ਤਾਂ ਜਿੰਦੜੀਆਂ ਵਾਰੀਏ, ਕੌਣ ਕਰੇ ਇਨਕਾਰਾਂ ।
ਵੇਂਹਦਿਆਂ ਵੇਂਹਦਿਆਂ ਜੇਲ੍ਹਾਂ ਭਰੀਆਂ, ਸਿੰਘਾਂ ਆਣ ਹਜ਼ਾਰਾਂ ।
ਗੋਲੀਆਂ ਖਾਧੀਆਂ, ਪਾਈਆਂ ਸ਼ਹੀਦੀਆਂ, ਪਹੁੰਚੇ ਧੁਰ ਦਰਬਾਰਾਂ ।
ਤਖ਼ਤ ਦਾ ਮਾਲਕ ਹਰਿਗੋਬਿੰਦ ਗੁਰ, ਕਰੂ ਪੰਥ ਦੀਆਂ ਜੈ ਜੈ ਕਾਰਾਂ ।
ਮੰਨ ਲੈ ਤੂੰ ਵੀ ਹੁਕਮ ਇਨ੍ਹਾਂ ਦਾ, ਮੈਂ ਬਿਨਤੀ ਕਰਾਂ ਪੁਕਾਰਾਂ ।
ਛਾਤੀ ਡਾਹ ਦੇ ਗੋਲੀਆਂ ਅਗੇ, ਸਿਰ ਧਰ ਦੇ ਤਲ ਆਰਾਂ ।
ਉਜਲ ਮੁਖ ਲੈ ਜਾਹ ਦਰਗਾਹੇ, ਮੁੱਕੇ ਫਿਰ ਆਵਨ ਸੰਸਾਰਾਂ ।
ਯਾਦਾਂ ਤੇਰੀਆਂ ਸਦਾ ਰਹਿਣਗੀਆਂ, ਢਾਡੀ ਗਾਵਣ ਵਾਰਾਂ ।।੪।।

ਇਛ ਪੁੰਨੀ ਤੇਰੇ ਚਰਨਾਂ ਸਦਕਾ
ਰਸਕ ਰਸਾਲੂ ਸਾਰਸ ਤੂੰ ।
ਮਿਲ ਗਈ ਮੈਨੂੰ ਬੂੰਦ ਸੁਆਂਤੀ,
ਬਣ ਗਈ ਜੀਵਨ-ਢਾਰਸ ਤੂੰ ।
'ਦਰਸਨੁ ਦੇਖਿ ਜੀਵਾਂ ਗੁਰ ਤੇਰਾ',
ਮੈਂ ਕਮਲੀ ਦਾ ਵਾਰਸ ਤੂੰ ।।

--੦--

ਖ਼ਾਲੀ ਹੱਥੀਂ ਆਏ ਸਾਂ,
ਖਾਲੀ ਜਾਣਾ ਚੱਲ ।
ਜੋ ਅੱਜ ਤੇਰੇ ਸਜਣਾ,
ਸੋ ਨਹੀਂ ਹੋਣਗੇ ਕੱਲ੍ਹ ।
ਜਿਸ ਨੂੰ ਆਪਣਾ ਸਮਝ ਕੇ,
ਭਜਨ ਹੋਵੇਂ ਪ੍ਰਸੰਨ ।
ਕੱਲ੍ਹ 'ਸਰਨ' ਕਿਸੇ ਹੋਰ ਦੇ,
ਸੋਚ ਸਮਝ ਇਹ ਗੱਲ ।

# ਭਾਃ ਸਾਃ ਭਾਈ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ

ਉਪਰੋਕਤ ਸਕੀਮ ਅਧੀਨ ਪੋਹ ਸੁਦੀ ਸਤਵੀਂ ਸਮਾਗਮ ਲੁਧਿਆਣਾ ਵਿਖੇ ਹੇਠ ਲਿਖੇ ਬੱਚਿਆਂ ਨੂੰ ਮਨਮਾਨਤ ਕੀਤਾ ਗਿਆ ਹੈ—

1. ਬੀਬੀ ਦਲਜੀਤ ਕੌਰ M.Sc. ਪਿੰਡ ਰਕਬਾ ਨੂੰ 501/– ਨਕਦ ਤੇ ਭਾਈ ਸਾਹਿਬ ਜੀ ਦੀਆਂ ਪੁਸਤਕਾਂ ਦਾ ਸੈੱਟ, 2. ਬੀਬੀ ਮਨਮੋਹਨ ਕੌਰ ਵਿਦਿਆਰਥੀ ਬੀ. ਏ. ਦਿਲੀ ਨੂੰ ਇਕ ਸਾਲ ਲਈ 100/– ਪ੍ਰਤੀ ਮਹੀਨਾ ਵਜ਼ੀਫਾ, 3. ਭਾਈ ਪ੍ਰੀਤਮ ਸਿੰਘ ਵਿਦਿਆਰਥੀ ਐਮ. ਏ. ਜਲੰਧਰ ਨੂੰ 251/-, 4. ਭਾਈ ਤੇਜਿੰਦਰਪਾਲ ਸਿੰਘ ਪਿੰਡ ਬੈਂਸ ਨੂੰ 251/– । ਹੇਠ ਲਿਖੇ ਸਤ ਉਮੀਦਵਾਰਾਂ ਨੂੰ ਇੱਕੀ ਇੱਕੀ ਰੁਪਏ ਦਿਤੇ ਗਏ—ਭਾਈ ਮਨਮੋਹਨ ਸਿੰਘ ਜਲੰਧਰ, ਬੀਬੀ ਰੁਪਿੰਦਰ ਕੌਰ ਗੜਾ, ਭਾਈ ਜੋਗਿੰਦਰ ਸਿੰਘ ਲੋਹ ਸਿੰਬਲੀ, ਬੀਬੀ ਅਮਰਜੀਤ ਕੌਰ ਚੰਡੀਗੜ੍ਹ, ਬੀਬੀ ਸੁਰਜੀਤ ਕੌਰ ਨੈਨੇਕੋਟ, ਬੀਬੀ ਗੁਰਮੇਹਰ ਕੌਰ ਤੇ ਭਾਈ ਓਅੰਕਾਰ ਬਖਸ਼ ਸਿੰਘ ਲੁਧਿਆਣਾ ।

ਉਪਰੋਕਤ ਸਭ ਉਮੀਦਵਾਰਾਂ ਨੂੰ ਇਕ ਪੁਸਤਕ ਰੰਗਲੇ ਸਜਣ ਅਤੇ ਇਕ ਕੇਸਕੀ ਹਰੇਕ ਨੂੰ ਦੇ ਕੇ ਉਤਸ਼ਾਹ ਵਧਾਉਣ ਲਈ ਸਨਮਾਨਤ ਕੀਤਾ ਗਿਆ । ਅਰਦਾਸ ਹੋਈ ਕਿ ਇਨ੍ਹਾਂ ਸਭਨਾਂ ਨੂੰ ਵਾਹਿਗੁਰੂ ਜੀ ਆਪ ਅਗਵਾਈ ਬਖਸ਼ਣ ਅਤੇ ਬਾਕੀ ਨੌਜਵਾਨਾਂ ਨੂੰ ਵੀ ਇਸ ਪਾਸੇ ਪ੍ਰੇਰਨ ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ


www.AKJ.Org

# ਪੰਥਕ ਖ਼ਬਰਾਂ–ਅਖ਼ਬਾਰਾਂ ਦੀ ਜ਼ਬਾਨੀ

## ਸੰਗਤਾਂ 'ਕਲਕੀ ਅਵਤਾਰ' ਕਹਿਣ ਵਾਲਿਆਂ ਤੋਂ ਸੁਚੇਤ ਰਹਿਣ
## ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ: ਕਿਰਪਾਲ ਸਿੰਘ ਜੀ ਦਾ ਹੁਕਮ–

ਅੰਮ੍ਰਿਤਸਰ, ੩੦ ਦਸੰਬਰ–ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਨੇ ਸਿਖ ਸੰਗਤਾਂ ਨੂੰ ਸਾਵਧਾਨ ਕੀਤਾ ਹੈ ਕਿ ਆਪਣੇ ਆਪ ਨੂੰ ਅਖੌਤੀ 'ਕਲਕੀ ਅਵਤਾਰ' ਅਖਵਾਉਣ ਵਾਲੇ ਧਾਵਾ ਸਿੰਘ ਵਾਸੀ ਘੁੜਾਮ ਜ਼ਿਲਾ ਪਟਿਆਲਾ ਤੋਂ ਸੁਚੇਤ ਰਹਿਣ। ਇਸ ਨੇ ਸਿਖ ਸੰਗਤਾਂ ਦੇ ਨਾਂ ਚਾਰ ਸਫੇ ਦਾ ਇਕ ਹੁਕਮਨਾਮਾ ਜਾਰੀ ਕੀਤਾ ਸੀ, ਜੋ ਇਸ ਦੇ ਇਕ ਹੋਰ ਸਾਥੀ ਸੁਰਜੀਤ ਸਿੰਘ ਦੇਵ ਨਗਰ ਨਵੀਂ ਦਿਲੀ ਨੇ ਛਪਵਾ ਕੇ ਸਿਖ ਪੰਥ ਦੇ ਨੇਤਾਵਾਂ, ਤਖਤ ਸਾਹਿਬਾਨ, ਕਈ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਭੇਜਿਆ ਗਿਆ, ਜਿਸ ਵਿਚ ਕਿਹਾ ਗਿਆ ਸੀ :–"ਅਜ ਫਿਰ ਅਕਾਲਪੁਰਖ ਨੇ ਹੁਕਮ ਕੀਤਾ ਹੈ ਕਿ ਜ਼ਾਲਮ ਫਿਰ ਜ਼ੁਲਮ ਕਰਨ ਤੇ ਆ ਗਿਆ ਹੈ, ਤੁਸੀਂ ਪ੍ਰਗਟ ਹੋ ਕੇ ਆਪਣੇ ਖਾਲਸੇ ਦੀ ਵਾਗ ਡੋਰ ਸੰਭਾਲੋ। ਅਸੀਂ ਕਿਤਨੇ ਸਮੇਂ ਤੋਂ ਗੁਪਤ ਰੂਪ ਵਿਚ ਤੁਹਾਡੇ ਵਿਚ ਰਹਿ ਕੇ ਦੇਖ ਰਹੇ ਸੀ ਕਿ ਅਕਾਲ ਪੁਰਖ ਨੇ ਹੁਕਮ ਕਰ ਦਿਤਾ ਹੈ ਕਿ ਇਕ ਮਹਾਨ ਯਗ ਕਰਕੇ ਦੁਨੀਆ ਸਾਹਮਣੇ ਪਰਗਟ ਹੋ ਜਾਵੋ ਤੇ ਜ਼ਾਲਮਾਂ ਨੂੰ ਸੋਧੋ।

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।
ਜਹਾ ਤਹਾ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਯਨ ਪਕਰਿ ਪਛਾਰੋ।"

ਇਸ ਤਰ੍ਹਾਂ ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਕਹਿ ਕੇ ਬਹੁਤ ਲਿਖਿਆ ਗਿਆ ਸੀ।

ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸਿਖ ਸੰਗਤਾਂ ਨੂੰ ਗੁਮਰਾਹ ਕਰਨ ਵਾਲੇ ਇਸ ਅਖੌਤੀ ਹੁਕਮਨਾਮੇ ਦਾ ਗੰਭੀਰ ਨੋਟਿਸ ਲਿਆ ਗਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਉਚ ਅਧਿਕਾਰੀਆਂ ਨੂੰ ਘੁੜਾਮ (ਪਟਿਆਲਾ) ਜਾ ਕੇ ਅਜਿਹੇ ਪਾਖੰਡੀ, ਦੰਭੀ ਬਾਰੇ ਪੜਤਾਲ ਕਰਨ ਲਈ ਕਿਹਾ ਗਿਆ ਕਿ ਉਹ ਕੋਈ ਸਰਕਾਰੀ ਏਜੰਟ ਤਾਂ ਨਹੀਂ, ਉਹ ਆਪ ਪਾਖੰਡ, ਦੰਭ ਦੁਆਰਾ ਅਵਤਾਰ ਜਾਂ ਗੁਰੂ ਬਣਨ ਦਾ ਯਤਨ ਤਾਂ ਨਹੀਂ ਕਰਦਾ। ਸ਼੍ਰੋਮਣੀ ਕਮੇਟੀ ਦੇ ਦੋ ਉਚ ਅਧਿਕਾਰੀਆਂ ਨੇ ਘੁੜਾਮ ਜਾ ਕੇ ਪੂਰੀ ਤਰ੍ਹਾਂ ਪੜਤਾਲ ਕੀਤੀ। ਉਥੇ ਗੁਰਦੁਆਰਾ ਸਾਹਿਬ ਬੈਠ ਕੇ ਇਸ ਵਿਅਕਤੀ ਅਤੇ ਪੰਚਾਇਤ ਨਾਲ ਵਿਚਾਰ ਕੀਤਾ। ਧਾਵਾ ਸਿੰਘ ਕੋਈ ਤਸੱਲੀਬਖਸ਼ ਜਵਾਬ ਨਾ ਦੇ ਸਕਿਆ। ਪੰਚਾਇਤ ਨੇ ਲਿਖ ਕੇ ਦੇ ਦਿਤਾ ਕਿ ਹੁਕਮਨਾਮਾ ਜੋ ਸੁਰਜੀਤ ਸਿੰਘ ਦੇਵ ਨਗਰ ਦਿੱਲੀ ਵਲੋਂ ਛਪਵਾਇਆ ਗਿਆ ਹੈ, ਦਾ ਸੰਗਤਾਂ ਉਤੇ ਕੋਈ ਅਸਰ ਨਹੀਂ ਹੈ। ਸਿੰਘ ਸਾਹਿਬ ਨੇ ਸੰਗਤਾਂ ਨੂੰ ਅਜਿਹੇ ਅਖੌਤੀ ਸਾਧਾਂ ਅਤੇ ਸੁਰਜੀਤ ਸਿੰਘ ਵਰਗੇ ਚੇਲਿਆਂ ਤੋਂ ਸੁਚੇਤ ਰਹਿਣ ਅਤੇ ਇਸ ਕਿਸਮ ਦੇ ਪਾਖੰਡੀਆਂ ਦੀ ਨਿਖੇਧੀ ਕਰਨ ਲਈ ਕਿਹਾ ਹੈ। ਅਜੀਤ ੩੧.੧੨.੮੩

## ਈਰਾਨ ਜੇਲ੍ਹ ਵਿਚ ਪੰਜਾਬੀਆਂ, ਸਿਖਾਂ ਤੇ ਜ਼ੁਲਮ–
## ੨੫ ਵਿਅਕਤੀ ਲੰਮੇ ਸਮੇਂ ਤੋਂ ਕੈਦ, ਇਕ ਦੀ ਮੌਤ, ਕੇਸ ਕਤਲ

ਅੰਮ੍ਰਿਤਸਰ, ੭ ਜਨਵਰੀ–(ਪੀ. ਟੀ, ਆਈ.) ਈਰਾਨ ਜੇਲ੍ਹ ਦੀ ਰਾਜਧਾਨੀ ਤਹਿਰਾਨ ਨੇੜੇ ਕੈਸਰ ਜੇਲ੍ਹ ਵਿਚ ੨੫ ਭਾਰਤੀ ਨਾਗਰਿਕ ਕੈਦ ਹਨ। ਇਹਨਾਂ ਵਿਚ ਬਹੁਤੇ ਸਿਖ ਅਤੇ ਪੰਜਾਬੀ ਹਨ। ਜੇਲ੍ਹ ਵਿਚ ਕੈਦ ਹਰਭਜਨ ਸਿੰਘ ਨਾਮੀ ਇਕ ਵਿਅਕਤੀ ਵਲੋਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਨੂੰ ਲਿਖੇ ਇਕ ਪਤਰ ਵਿਚ ਕਿਹਾ ਗਿਆ ਹੈ ਕਿ ਛੇਤੀ ਦਖ਼ਲ ਦੇ ਕੇ ਉਹਨਾਂ ਦੀਆਂ ਜਾਨਾਂ ਬਚਾਈਆਂ ਜਾਣ। ਆਪਣੀ ਸ਼ਕਾਇਤ ਵਿਚ ਹਰਭਜਨ ਸਿੰਘ ਨੇ ਲਿਖਿਆ ਹੈ ਕਿ


www.AKJ.Org

ਪਿਛਲੇ ਸਾਲ ੨੦ ਅਕਤੂਬਰ ਨੂੰ ਸਾਨੂੰ ਉਸ ਸਮੇਂ ਤਹਿਰਾਨ ਦੇ ਗੁਰਦੁਆਰੇ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਉਹ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਗੁਰਪੁਰਬ ਮਨਾ ਰਹੇ ਸਨ। ਉਹਨਾਂ ਨੇ ਪਤਰ ਵਿਚ ਇਹ ਵੀ ਦੋਸ਼ ਲਾਇਆ ਹੈ ਕਿ ਈਰਾਨੀ ਅਧਿਕਾਰੀ ਸਖਤ ਤਸੀਹੇ ਦੇਂਦੇ ਰਹੇ ਤੇ ਲੁਧਿਆਣਾ ਦਾ ਇਕ ਵਿਅਕਤੀ ਆਤਮਾ ਸਿੰਘ ਅਤਿਆਚਾਰਾਂ ਕਾਰਨ ਦਮ ਤੋੜ ਗਿਆ, ਜਿਸ ਨੂੰ ਈਰਾਨੀ ਅਧਿਕਾਰੀਆਂ ਨੇ ਦਫ਼ਨਾ ਦਿਤਾ ਅਤੇ ਸਾਨੂੰ ਸਿਖ ਧਰਮ ਅਨੁਸਾਰ ਸਸਕਾਰ ਕਰਨ ਦੀ ਆਗਿਆ ਨਾ ਦਿਤੀ ਗਈ। ਆਪਣੇ ਪਤਰ ਵਿਚ ਹਰਭਜਨ ਸਿੰਘ ਨੇ ਇਹ ਵੀ ਦੋਸ਼ ਲਾਇਆ ਹੈ ਕਿ ਸਿਖਾਂ ਦੇ ਕੇਸ ਕਤਲ ਕਰ ਦਿਤੇ ਗਏ। ਪਤਰ ਅਨੁਸਾਰ ਜਦੋਂ ਭਾਰਤੀ ਦੂਤ ਘਰ ਦਾ ਇਕ ਕਰਮਚਾਰੀ ਅਸਲ ਹਾਲਾਤ ਦੀ ਜਾਣਕਾਰੀ ਲਈ ਉਥੇ ਆਇਆ ਤਾਂ ਉਸ ਨੂੰ ਹਨੇਰੇ ਵਿਚ ਰਖਿਆ ਗਿਆ। ਹਰਭਜਨ ਸਿੰਘ ਨੇ ਕੈਦ ਵਿਅਕਤੀਆਂ ਨੂੰ ਖਤਮ ਕੀਤੇ ਜਾਣ ਦਾ ਤੌਖਲਾ ਪ੍ਰਗਟ ਕੀਤਾ ਹੈ। ਹਰਭਜਨ ਸਿੰਘ ਅਨੁਸਾਰ ਉਸ ਨੇ ਇਸੇ ਪ੍ਰਕਾਰ ਦੇ ਪਤਰ ਭਾਰਤ ਸਰਕਾਰ ਅਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਲਿਖੇ ਹਨ। ਸ: ਟੌਹੜਾ ਨੇ ਇਹ ਪਤਰ ਮਿਲਦਿਆਂ ਹੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਤੁਰੰਤ ਦਖਲ ਦੇਣ ਲਈ ਤਾਰਾਂ ਦਿਤੀਆਂ ਹਨ।

ਅਜੀਤ, ੮.੧.੮੪

## ਅੰਮ੍ਰਿਤਸ਼ਰ ਜਾਣ ਵਾਲਿਆ ਦੀਆਂ ਤਲਾਸ਼ੀਆਂ

ਅੰਮ੍ਰਿਤਸਰ, ੧੪ ਜਨਵਰੀ–(ਯੂ.ਐਨ.ਆਈ; ਪੀ.ਟੀ.ਆਈ.) ਇਕ ਉਚ ਪੁਲਿਸ ਅਧਿਕਾਰੀ ਨੇ ਦਸਿਆ ਕਿ ਅਤਵਾਦੀ ਸਰਗਰਮੀਆਂ ਵਿਰੁਧ ਇਸ਼ਤਿਆਰੀ ਕਾਰਵਾਈ ਵਜੋਂ ਸ਼ਹਿਰ ਦੇ ਅੰਦਰਲੇ ਖੇਤਰਾਂ ਵਿਚ ਪੁਲਿਸ ਅਤੇ ਨੀਮ ਫ਼ੌਜੀ ਫ਼ੋਰਸਾਂ ਦੇ ਜਵਾਨਾਂ ਦੀ ਗਿਣਤੀ ਵਧਾ ਦਿਤੀ ਗਈ ਹੈ। ਉਸ ਨੇ ਦਸਿਆ ਕਿ ਸ਼ਹਿਰ ਵਿਚ ਤਾਇਨਾਤ ਨੀਮ ਫੌਜੀ ਫ਼ੋਰਸਾਂ ਦੇ ਜਵਾਨਾਂ ਦੀ ਗਿਣਤੀ ਖਾਸ ਤੌਰ ਤੇ ਰਾਤ ਸਮੇਂ ਵਧਾਈ ਗਈ ਹੈ ਅਤੇ ਤਲਾਸ਼ੀਆਂ ਦਾ ਕੰਮ ਤੇਜ਼ ਕਰ ਦਿਤਾ ਗਿਆ ਹੈ। ਸਰਕਾਰੀ ਸੂਤਰਾਂ ਅਨੁਸਾਰ ਬੁਧਵਾਰ ਨੂੰ ਟਰੱਕ ਡਰਾਈਵਰ ਦੇ ਕਤਲ ਅਤੇ ਹਰ ਹਿੰਸਕ ਵਾਰਦਾਤਾਂ ਕਾਰਨ ਇਹ ਕਾਰਵਾਈ ਕੀਤੀ ਗਈ ਹੈ।

ਯੂ. ਐਨ. ਆਈ. ਅਨੁਸਾਰ ਨੀਮ ਫੌਜੀ ਫ਼ੋਰਸ਼ਾਂ ਵਲੋਂ ਖਾਸ ਤੌਰ ਤੇ ਦਰਬਾਰ ਸਾਹਿਬ ਏਰੀਏ ਵਿਚ ਗਸ਼ਤ ਵਧਾਈ ਗਈ ਹੈ। ਪੁਲਿਸ ਨੇ ਧਰਮ ਸਿੰਘ ਮਾਰਕੀਟ ਨੇੜੇ ਦਰਬਾਰ ਸਾਹਿਬ ਨੂੰ ਜਾਣ ਵਾਲੀਆਂ ਸੜਕਾਂ ਤੇ ਰਾਤ ਸਮੇਂ ਆਪਣੇ ਵਹੀਕਲ ਖੜੇ ਕਰ ਕੇ ਆਰਜ਼ੀ ਰੋਕਾਂ ਖੜੀਆਂ ਕਰਨ ਦਾ ਸਿਲਸਿਲਾ ਅਰੰਭ ਕੀਤਾ ਹੈ ਤਾਂ ਕਿ ਉਸ ਖੇਤਰ ਵਿਚ ਜਾਣ ਵਾਲੇ ਲੋਕਾਂ ਦੀਆਂ ਤਲਾਸ਼ੀਆਂ ਲਈਆਂ ਜਾ ਸਕਣ।

ਇਸੇ ਦੌਰਾਨ ਸ਼ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਸ਼ਿਕਾਇਤ ਕੀਤੀ ਹੈ ਕਿ ਪੁਲਿਸ ਰਾਤ ਸਮੇਂ ਅਤੇ ਸਵੇਰੇ ਦਰਬਾਰ ਸਾਹਿਬ ਜਾਣ ਵਾਲਿਆਂ ਨੂੰ ਪ੍ਰੇਸ਼ਾਨ ਕਰ ਰਹੀ ਹੈ ਅਤੇ ਬਸ ਸਟੈਂਡ ਤੇ ਰੇਲਵੇ ਸਟੇਸ਼ਨ ਤੋਂ ਦਰਬਾਰ ਸਾਹਿਬ ਤਕ ਮਰਦਾਂ ਦੇ ਨਾਲ ਔਰਤਾਂ ਦੀ ਵੀ ਕਈ ਕਈ ਵਾਰੀ ਤਲਾਸ਼ੀ ਲਈ ਜਾਂਦੀ ਹੈ। ਸ਼ਰੋਮਣੀ ਕਮੇਟੀ ਦੇ ਸਹਾਇਕ ਸਕੱਤਰ ਸ: ਅਬਿਨਾਸ਼ੀ ਸਿੰਘ ਨੇ ਦਸਿਆ ਕਿ ਪਿਛਲੀ ਰਾਤ ਉਹਨਾਂ ਦੀ ਤੇ ਉਹਨਾਂ ਦੇ ਸ਼ਰੋਮਣੀ ਕਮੇਟੀ ਦੇ ਵਹੀਕਲ ਦੀ ੭ ਵਾਰ ਤਲਾਸ਼ੀ ਲਈ ਗਈ ਅਤੇ ਆਖਰ ਵਹੀਕਲ ਕਬਜ਼ੇ ਵਿਚ ਲੈ ਲਿਆ ਗਿਆ।

ਅਜੀਤ, ੧੫-੧-੮੪

## ਕੋਈ ਫ਼ਾਰਮੂਲਾ ਨਹੀਂ–ਸੰਤ ਲੌਂਗੋਵਾਲ
## ਰਛਪਾਲ ਸਿੰਘ ਦਾ ਬਿਆਨ ਨਿਰ-ਆਧਾਰ ਤੇ ਗੁਮਰਾਹਕੁਨ

ਅੰਮ੍ਰਿਤਸਰ, ੧੯ ਜਨਵਰੀ–ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਂਵਾਲ ਨੇ ਇਕ ਬਿਆਨ ਵਿਚ ਦਿਲੀ ਦੇ ਰਛਪਾਲ ਸਿੰਘ ਵਲੋਂ ਦਿਤੇ ਗਏ ਇਸ ਬਿਆਨ ਦਾ ਖੰਡਨ ਕੀਤਾ ਹੈ, ਜਿਸ ਵਿਚ ਉਸਨੇ



www.AKJ.Org

ਪੰਜਾਬ ਸਮੱਸਿਆ ਬਾਰੇ ਕਿਸੇ ਕਥਿਤ ਫਾਰਮੂਲੇ ਤੇ ਉਨ੍ਹਾਂ ਦੀ ਸਹਿਮਤੀ ਹੋਣ ਦਾ ਜ਼ਿਕਰ ਕੀਤਾ ਸੀ। ਸੰਤ ਜੀ ਨੇ ਕਿਹਾ ਕਿ ਸ: ਰਛਪਾਲ ਸਿੰਘ ਦਾ ਇਹ ਬਿਆਨ ਨਾ ਕੇਵਲ ਗਲਤ ਅਤੇ ਨਿਰ-ਆਧਾਰ ਹੈ, ਸਗੋਂ ਲੋਕਾਂ ਨੂੰ ਗੁਮਰਾਹ ਕਰਨ ਲਈ ਕੀਤੀ ਗਈ ਸ਼ਰਾਰਤ ਹੈ।

ਸੰਤ ਜੀ ਨੇ ਕਿਹਾ ਕਿ ਰਛਪਾਲ ਸਿੰਘ ਵਰਗੇ, ਪੰਥ ਦੀ ਪਿੱਠ ਵਿਚ ਛੁਰਾ ਮਾਰ ਕੇ ਦਿਲੀ ਦਰਬਾਰ ਦੀ ਏਜੰਟੀ ਕਰਨ ਵਾਲੇ ਵਿਅਕਤੀ ਨਾਲ ਕਿਸੇ ਕਿਸਮ ਦੇ ਤਾਲਮੇਲ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸੰਤ ਜੀ ਨੇ ਹੋਰ ਕਿਹਾ ਕਿ, ਰਛਪਾਲ ਸਿੰਘ ਦਿਲੀ ਦੇ ਤਾਜਦਾਰਾਂ ਵਲੋਂ ਸਿਖਾਂ ਤੇ ਕੀਤੇ ਜਾ ਰਹੇ 'ਵਾਰਾਂ' ਦੀ ਹਮਾਇਤ ਕਰ ਰਿਹਾ ਹੈ। ਸੰਤ ਜੀ ਨੇ ਸਪਸ਼ਟ ਕੀਤਾ ਕਿ ਸ਼੍ਰੋ: ਅਕਾਲੀ ਦਲ ਆਪਣੇ ਸਟੈਂਡ ਤੇ ਚਟਾਨ ਦੀ ਤਰ੍ਹਾਂ ਦ੍ਰਿੜ੍ਹ ਹੈ ਅਤੇ ਉਦੋਂ ਤਕ ਸੰਘਰਸ਼ ਕਰਦਾ ਰਹੇਗਾ ਜਦੋਂ ਤਕ ੨੬ ਜੁਲਾਈ ੧੯੮੧ ਨੂੰ ਪੇਸ਼ ਕੀਤੀਆਂ ਮੰਗਾਂ ਪ੍ਰਵਾਨ ਨਹੀਂ ਹੋ ਜਾਂਦੀਆਂ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਸੂਬਿਆਂ ਨੂੰ ਖ਼ੁਦ-ਮੁਖਤਾਰੀ ਨਹੀਂ ਮਿਲ ਜਾਂਦੀ। ਸੰਤ ਜੀ ਨੇ ਸਮੂੰਹ ਪੰਜਾਬੀਆਂ ਨੂੰ, ਵਿਸ਼ੇਸ਼ ਕਰ ਸਿੱਖਾਂ ਨੂੰ ਰਛਪਾਲ ਸਿੰਘ ਵਰਗੇ ਕੇਂਦਰ ਦੇ ਏਜੰਟਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

### ਮੋਰਚੇ ਦੇ ਕ੍ਰਾਂਤੀਕਾਰੀ ਪ੍ਰੋਗਰਾਮ ਤੇ ਅਮਲ ਲਈ ਦਲ ਵਲੋਂ ਮਰਜੀਵੜਿਆਂ ਦੇ ਸਕੁਐਡ ਕਾਇਮ ਪ੍ਰੋਗਰਾਮ ਸ਼ਾਂਤੀ ਪੂਰਵਕ ਰਖਿਆ ਜਾਏ—ਲੋਂਗੋਵਾਲ ਵਲੋਂ ਆਦੇਸ਼

ਚੰਡੀਗੜ੍ਹ, ੨੩ ਜਨਵਰੀ—(ਯੂ. ਐਨ. ਆਈ.) ਪਤਾ ਲਗਾ ਹੈ ਕਿ ਅਕਾਲੀ ਦਲ ਨੇ ੨੭ ਜਨਵਰੀ ਤੋਂ ਮੋਰਚਾ ਤੇਜ਼ ਕਰਨ ਦੇ ਪ੍ਰੋਗਰਾਮ ਤੇ ਅਮਲ ਲਈ ਜ਼ਿਲਾ ਕਨਵੀਨਰਾਂ ਦੀ ਅਗਵਾਈ ਵਿਚ ਛੋਟੇ ਛੋਟੇ ਸਕੁਐਡ ਕਾਇਮ ਕੀਤੇ ਹਨ। ਜਾਣਕਾਰ ਸੂਤਰਾਂ ਨੇ ਕਿਹਾ ਹੈ ਕਿ ਇਨ੍ਹਾਂ ਟੋਲੀਆਂ ਵਿਚ ੫ ਤੋਂ ਲੈ ਕੇ ੫੦ ਤਕ ਮਰਜੀਵੜੇ ਹੋਣਗੇ, ਜਿਨ੍ਹਾਂ ਪਿਛਲੇ ਸਾਲ ਅਕਾਲ ਤਖ਼ਤ ਤੇ ਸਿਖ ਪੰਥ ਲਈ ਆਪਣੇ ਜੀਵਨ ਨਿਛਾਵਰ ਕਰ ਦੇਣ ਦਾ ਪ੍ਰਣ ਲਿਆ ਸੀ।............ਜਿਥੇ ਤਕ ਅਕਾਲੀ ਲੀਡਰਸ਼ਿਪ ਦਾ ਸੰਬੰਧ ਹੈ, ਉਹ ਸਪਸ਼ਟ ਕਰ ਚੁਕੀ ਹੈ ਕਿ ਮੋਰਚਾ ਸ਼ਾਂਤੀ ਪੂਰਵਕ ਹੀ ਚਲੇਗਾ। —ਅਜੀਤ, ੨੪-੧-੮੪

## ਅਕਾਲੀ ਦਲ ਵਲੋਂ 8 ਫਰਵਰੀ ਨੂੰ ਪੰਜਾਬ ਬੰਦ 27 ਨੂੰ ਸੰਸਦ ਅਗੇ ਮੁਜ਼ਾਹਰਾ— ਸੰਤ ਲੌਂਗੋਵਾਲ ਵਲੋਂ ਨਵੇਂ ਐਕਸ਼ਨ ਦਾ ਐਲਾਨ

ਅੰਮ੍ਰਿਤਸਰ, ੨੭ ਜਨਵਰੀ-(ਪੀ. ਟੀ. ਆਈ., ਯੂ. ਐਨ. ਆਈ.) ਅਕਾਲੀ ਦਲ ਨੇ ਅਜ ਧਰਮ ਯੁਧ ਦੇ ਨਵੇਂ ਪੜਾਅ ਵਜੋਂ ੮ ਫਰਵਰੀ ਨੂੰ ਮੁਕੰਮਲ 'ਪੰਜਾਬ ਬੰਦ' ਦੀ ਕਾਲ ਦਿਤੀ। ਇਸ ਦੇ ਨਾਲ ਹੀ ਐਲਾਨ ਕੀਤਾ ਗਿਆ ਕਿ ਜੇਕਰ ਅਕਾਲੀ ਮੰਗਾਂ ਨਾ ਮੰਨੀਆਂ ਗਈਆਂ ਤਾਂ ੨੭ ਫਰਵਰੀ ਨੂੰ ਪਾਰਲੀਮੈਂਟ ਦੇ ਸਾਹਮਣੇ ਭਾਰੀ ਵਿਖਾਵਾ ਕੀਤਾ ਜਾਏਗਾ।

੧੮ ਮਹੀਨੇ ਦੇ ਧਰਮ-ਯੁਧ ਨੂੰ ਤੇਜ਼ ਕਰਨ ਲਈ ਨਵੇਂ ਕਰਾਂਤੀਕਾਰੀ ਪ੍ਰੋਗਰਾਮ ਦਾ ਐਲਾਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ੨੭ ਫਰਵਰੀ ਦੇ ਪਰੋਟੈਸਟ ਦਾ ਮੁਖ ਉਦੇਸ਼ ਸੰਵਿਧਾਨ ਦੀ ਧਾਰਾ ੨੫ ਵਿਚ ਤਰਮੀਮ ਕਰਾਉਣਾ ਹੈ, ਜਿਸ ਅਨੁਸਾਰ ਸਿਖਾਂ ਨੂੰ ਬੋਧੀਆਂ ਤੇ ਜੇਨੀਆਂ ਦੇ ਨਾਲ ਹੀ ਹਿੰਦੂ ਧਰਮ ਦਾ ਅੰਗ ਬਣਾਇਆ ਗਿਆ ਹੈ। ਇਸ ਦੁਆਰਾ ਸਰਕਾਰ ਵਿਚ ਬੇਪ੍ਰਤੀਤੀ ਦਾ ਪ੍ਰਗਟਾਵਾ ਵੀ ਕੀਤਾ ਜਾਏਗਾ, ਕਿਉਂਕਿ ਉਹ ਸਿਖ ਧਰਮ ਨੂੰ ਖਤਮ ਕਰਨ ਲਈ ਯਤਨ-ਸ਼ੀਲ ਹੈ। ਇਸ ਮੌਕੇ ਤੇ ਕੁਝ ਨੌਜਵਾਨ, ਜਿਹੜੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਸਮਰਥਕ


www.AKJ.Org

ਸਮਝੇ ਜਾਂਦੇ ਹਨ, ਨੇ ਇਸ ਪ੍ਰੋਗਰਾਮ ਨੂੰ ਬਹੁਤ ਨਰਮ ਦਸਦਿਆਂ ਇਸ ਐਲਾਨ ਵਿਰੁਧ ਵਿਖਾਵਾ ਕੀਤਾ।

ਸੰਤ ਲੌਂਗੋਵਾਲ ਨੇ ਕਿਹਾ ਕਿ ਉਹ ਸੰਵਿਧਾਨ ਦੀ ਧਾਰਾ ੨੫ ਨੂੰ ਰੱਦ ਕਰ ਦੇਣਗੇ। ਜਦ ਪਤਰਕਾਰਾਂ ਨੇ ਉਨ੍ਹਾਂ ਨੂੰ ਪੁਛਿਆ ਕਿ ਅਜਿਹਾ ਕਿਵੇਂ ਕੀਤਾ ਜਾਏਗਾ ਤਾਂ ਉਹਨਾਂ ਕਿਹਾ ਕਿ ਇਸ ਦਾ ਐਲਾਨ ੯ ਫਰਵਰੀ ਨੂੰ ਕੀਤਾ ਜਾਏਗਾ, ਜਦ ਦਲ ਦੀ ਹਾਈ ਕਮਾਨ ਦੀ ਪੰਜਾਬ ਬੰਦ ਪਿਛੋਂ ਸਥਿਤੀ ਦਾ ਜਾਇਜ਼ਾ ਲੈਣ ਲਈ ਮੀਟਿੰਗ ਹੋਏਗੀ।

ਨਵੇਂ ਪ੍ਰੋਗਰਾਮ ਦਾ ਐਲਾਨ ਕਰਨ ਤੋਂ ਪਹਿਲਾਂ ਸੰਤ ਲੌਂਗੋਵਾਲ ਨੇ ਹਫਤਾ ਭਰ ਹਾਈ ਕਮਾਨ ਦੇ ਲੀਡਰਾਂ ਅਤੇ ਪਾਰਟੀ ਵਰਕਰਾਂ ਨਾਲ ਵਖ ਵਖ ਅਤੇ ਸਮੂਹਕ ਤੌਰ ਤੇ ਵਿਚਾਰਾਂ ਅਤੇ ਮੀਟਿੰਗਾਂ ਕੀਤੀਆਂ ਸਨ। ਸੰਤ ਜੀ ਨੇ ਸਾਰੇ ਵਰਗਾਂ ਅਤੇ ਧਰਮਾਂ ਦੇ ਲੋਕਾਂ ਨੂੰ ਏਕਤਾ ਅਤੇ ਫਿਰਕੂ ਇਕਸੁਰਤਾ ਦਾ ਵਿਖਾਵਾ ਕਰਦਿਆਂ 'ਪੰਜਾਬ ਬੰਦ' ਨੂੰ ਪੂਰੀ ਤਰ੍ਹਾਂ ਸਫਲ ਬਨਾਉਣ ਦੀ ਅਪੀਲ ਕੀਤੀ। ਉਹਨਾਂ ਸਪਸ਼ਟ ਕੀਤਾ ਕਿ ਨਵੇਂ ਕਰਾਂਤੀਕਾਰੀ ਪ੍ਰੋਗਰਾਮ ਦੇ ਨਾਲ ਨਾਲ ਮੋਰਚਾ ਵੀ ਪਹਿਲਾਂ ਵਾਂਗ ਹੀ ਚਲਦਾ ਰਹੇਗਾ। ਉਹਨਾਂ ਦਸਿਆ ਕਿ ਬੰਦ ਦੌਰਾਨ ਕੇਵਲ ਹਸਪਤਾਲਾਂ ਅਤੇ ਅਖਬਾਰਾਂ ਵਰਗੀਆਂ ਜ਼ਰੂਰੀ ਸੇਵਾਵਾਂ ਨੂੰ ਬੰਦ ਤੋਂ ਛੋਟ ਹੋਏਗੀ।

ਸੰਤ ਜੀ ਨੇ ਕਿਹਾ ਕਿ ਅਕਾਲੀ ਦਲ ਕੋਲ ਬੰਦ ਦੀ ਕਾਲ ਦੇਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ ਕਿਉਂਕਿ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ, ਅਪੋਜ਼ੀਸ਼ਨ ਪਾਰਟੀਆਂ, ਬੁਧੀਜੀਵੀਆਂ ਅਤੇ ਦੇਸ਼ ਭਗਤ ਅਨਸਰਾਂ ਦੀਆਂ ਅਪੀਲਾਂ ਦੇ ਬਾਵਜੂਦ ਸਰਕਾਰ ਕਿਸੇ ਸ਼ਾਂਤੀਪੂਰਵਕ ਸਮਝੌਤੇ ਤੇ ਪੁਜਣ ਲਈ ਤਿਆਰ ਨਹੀਂ ਹੋਈ। ਸੰਤ ਜੀ ਨੇ ਚੇਤੇ ਕਰਾਇਆ ਕਿ ਸਿਖਾਂ ਨੇ ਦੇਸ਼ ਦੀ ਆਜ਼ਾਦੀ ਲਈ ਮਹਾਨ ਕੁਰਬਾਨੀਆਂ ਦਿਤੀਆਂ। ਪਰ ਇਸ ਗੱਲ ਤੇ ਅਫਸੋਸ ਪ੍ਰਗਟ ਕੀਤਾ ਕਿ ਇਸ ਆਜ਼ਾਦੀ ਦੀ, ਸੌੜੇ ਰਾਜਸੀ ਹਿਤਾਂ ਲਈ, ਕੁਵਰਤੋਂ ਹੋ ਰਹੀ ਹੈ। ਸੰਤ ਜੀ ਦਾ ਢਾਈ ਸਫਿਆਂ ਦਾ ਬਿਆਨ ਉਹਨਾਂ ਦੀ ਤਰਫੋਂ ਪਾਰਟੀ ਦੇ ਆਫੀਸ਼ਲ ਬੁਲਾਰੇ ਸ: ਬਲਵੰਤ ਸਿੰਘ ਰਾਮੂਵਾਲੀਆ ਨੇ ਪ੍ਰੈਸ ਕਾਨਫਰੰਸ ਵਿਚ ਪੜ੍ਹ ਕੇ ਸੁਣਾਇਆ। ਬਿਆਨ ਵਿਚ ਤਿੰਨ-ਧਿਰੀ ਵਾਰਤਾ ਦੀ ਚਰਚਾ ਕਰਦਿਆਂ ਕਿਹਾ ਗਿਆ ਕਿ ਦਲ ਦੇ ਲੀਡਰਾਂ ਵਲੋਂ ਪ੍ਰਧਾਨ ਮੰਤਰੀ, ਕੈਬਨਿਟ ਸਬ-ਕਮੇਟੀ ਅਤੇ ਕੇਂਦਰ ਦੇ ਏਲਚੀਆਂ ਨੂੰ ਸਮੇਂ ਸਮੇਂ ਸਿਰ ਪਾਰਟੀ ਮੰਗਾਂ ਬਾਰੇ ਕਈ ਸਪਸ਼ਟੀਕਰਨ ਦਿਤੇ ਗਏ। ਸੰਤ ਜੀ ਨੇ ਇਸ ਗੱਲ ਤੇ ਅਫਸੋਸ ਪ੍ਰਗਟ ਕੀਤਾ ਕਿ ਕੇਂਦਰ ਦੇ ਹਠੀ ਵਤੀਰੇ ਕਾਰਨ ਕੋਈ ਠੋਸ ਨਤੀਜਾ ਨਾ ਨਿਕਲ ਸਕਿਆ। ਕੇਂਦਰੀ ਲੀਡਰਾਂ ਨੇ ਵਾਰਤਾ ਦੌਰਾਨ ਇਹ ਤਸਲੀਮ ਕੀਤਾ ਸੀ ਕਿ ਅਕਾਲੀ ਮੰਗਾਂ ਹੱਕੀ ਹਨ। ਤਿੰਨ-ਧਿਰੀ ਵਾਰਤਾ ਦੌਰਾਨ ਅਪੋਜ਼ੀਸ਼ਨ ਲੀਡਰਾਂ ਨੇ ਵੀ ਸਰਕਾਰ ਤੇ ਅਕਾਲੀਆਂ ਦੀਆਂ ਹੱਕੀ ਮੰਗਾਂ ਮੰਨਣ ਲਈ ਜ਼ੋਰ ਦਿਤਾ ਸੀ।

ਯੂ. ਐਨ. ਆਈ. ਦੀ ਸੂਚਨਾ ਅਨੁਸਾਰ ਮੰਜੀ ਸਾਹਿਬ ਵਿਖੇ ਦੀਵਾਨ ਨੂੰ ਸੰਬੋਧਨ ਕਰਦਿਆਂ ਸੰਤ ਲੌਂਗੋਵਾਲ ਨੇ ਕਿਹਾ ਕਿ ਅਕਾਲੀ ਮੰਗਾਂ ਉਨ੍ਹਾਂ ਭਰੋਸਿਆਂ ਉਤੇ ਅਧਾਰਤ ਹਨ ਜਿਹੜੇ ਦੇਸ਼ ਨੂੰ ਆਜ਼ਾਦੀ ਮਿਲਣ ਸਮੇਂ ਕਾਂਗਰਸੀ ਲੀਡਰਾਂ ਨੇ ਕੀਤੇ ਸਨ। ਉਹਨਾਂ ਕਿਹਾ ਕਿ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ ਵਰਗੇ ਲੀਡਰਾਂ ਨੇ ਕਿਹਾ ਸੀ ਕਿ ਆਜ਼ਾਦ ਭਾਰਤ ਵਿਚ ਕੋਈ ਅਜਿਹਾ ਸੰਵਿਧਾਨ ਲਾਗ ਨਹੀਂ ਕੀਤਾ ਜਾਏਗਾ ਜਿਹੜਾ ਸਿਖਾਂ ਅਤੇ ਹੋਰ ਘਟ ਗਿਣਤੀਆਂ ਨੂੰ ਪ੍ਰਵਾਨ ਨਹੀਂ ਹੋਏਗਾ। ਸੰਤ ਜੀ ਨੇ ਛਪਿਆ ਹੋਇਆ ਆਪਣਾ ਭਾਸ਼ਨ ਪੜ੍ਹਦਿਆਂ ਮੰਗਾਂ ਦੀ ਸੂਚੀ ਪੜ੍ਹੀ। ਇਹਨਾਂ ਵਿਚ ਇਕ ਮੰਗ ਇਹ ਵੀ ਸੀ ਕਿ ਹਰਿਆਣਾ, ਹਿਮਾਚਲ ਪਰਦੇਸ਼, ਦਿਲੀ, ਜੰਮੂ ਅਤੇ ਰਾਜਿਸਥਾਨ ਦੇ ਗੰਗਾਨਗਰ ਖੇਤਰ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਤਾ ਜਾਏ।

ਅਜ ਕੀਤੇ ਗਏ ਐਲਾਨ ਵਿਚ ਕਿਹਾ ਗਿਆ ਕਿ ਬੰਦ ਦੌਰਾਨ ਰੇਲ ਅਤੇ ਰੋਡ ਟਰੈਫਿਕ ਠੱਪ ਰਹੇਗਾ ਅਤੇ ਸਾਰੇ ਵਿਦਿਅਕ ਅਤੇ ਵਪਾਰਕ ਅਦਾਰੇ ਬੰਦ ਰਹਿਣਗੇ। ਸੰਤ ਲੌਂਗੋਵਾਲ ਨੇ ਪਾਰਲੀਮੈਂਟ ਹਾਊਸ ਅਗੇ



www.AKJ.Org

ਹੋਣ ਵਾਲੇ ਵਿਖਾਵੇ ਦੇ ਵੇਰਵੇ ਦਸਣ ਤੋਂ ਇਨਕਾਰ ਕਰ ਦਿਤਾ। ਪਰ ਇਹ ਕਿਹਾ ਕਿ ੨੭ ਫਰਵਰੀ ਦੇ ਐਕਸ਼ਨ ਦਾ ਉਸੇ ਦਿਨ ਐਲਾਨ ਕੀਤਾ ਜਾਏਗਾ। ਅੰਮ੍ਰਿਤਸਰ ਵਿਚ ਗ੍ਰਿਫ਼ਤਾਰੀਆਂ ਦੇਣ ਦਾ ਪਹਿਲਾ ਪ੍ਰੋਗਰਾਮ ਵੀ ਜਾਰੀ ਰਖਿਆ ਜਾ ਰਿਹਾ ਹੈ।

ਸੰਤ ਜੀ ਨੇ ਦੋਸ਼ ਲਗਾਇਆ ਕਿ ਸਰਕਾਰ ਸਿਖਾਂ ਦੀ ਅੱਡ ਹਸਤੀ ਨੂੰ ਖਤਮ ਕਰਨਾ ਚਾਹੁੰਦੀ ਹੈ। ੨੬ ਫਰਵਰੀ ਤਕ ਮੰਗਾਂ ਨਾ ਮੰਨਣ ਤੇ ੨੭ ਫਰਵਰੀ ਨੂੰ ਪਾਰਲੀਮੈਂਟ ਅਗੇ ਵਿਖਾਵਾ ਹੋਏਗਾ। ਸੰਤ ਜੀ ਨੇ ਦੋਸ਼ ਲਗਾਇਆ ਕਿ ਸਰਕਾਰ ਫਿਰਕੂ ਫਸਾਦ ਕਰਾਉਣ ਲਈ ਸਦੀਆਂ ਪੁਰਾਣੀ ਫਿਰਕੂ ਏਕਤਾ ਨੂੰ ਭੰਗ ਕਰਨ ਦੇ ਵੀ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭੜਕਾਹਟਾਂ, ਲਗਪਗ ੨੦੦ ਅਕਾਲੀ ਵਰਕਰਾਂ ਦੀ ਸ਼ਹਾਦਤ ਅਤੇ ੨ ਲਖ ਤੋਂ ਵਧ ਵਾਲੰਟੀਅਰਾਂ ਦੀ ਗ੍ਰਿਫ਼ਤਾਰੀ ਦੇ ਬਾਵਜੂਦ, ਪਾਰਟੀ ਨੇ ਸ਼ਾਂਤਮਈ ਅੰਦੋਲਨ ਦੀ ਆਪਣੀ ਨੀਤੀ ਨਹੀਂ ਛਡੀ। ਉਨ੍ਹਾਂ ਕਿਹਾ ਕਿ ਦਲ ਦੇਸ਼ ਦੀ ਏਕਤਾ ਅਤੇ ਅਖੰਡਤਾ ਬਹਾਲ ਰਖਣ ਅਤੇ ਮਨੁਖਤਾ ਦੀ ਭਲਾਈ ਦਾ ਹਾਮੀ ਹੈ। ਸਰਕਾਰ ਨੇ ਸੈਕੂਲਰਇਜ਼ਮ ਦੇ ਬਹਾਨੇ ਸਿਖਾਂ ਨੂੰ ਹਿੰਦੂਆਂ ਵਿਚ ਸ਼ਾਮਲ ਕਰ ਰਖਿਆ ਹੈ। ਸਿਖਾਂ ਦੇ ਗੁਰਧਾਮਾਂ ਤੇ ਕਬਜ਼ਾ ਕਰਨ ਲਈ ਗ਼ੈਰ-ਲੋਕਰਾਜੀ ਢੰਗ ਅਪਣਾਏ ਗਏ ਅਤੇ ਪੁਲਸ ਫ਼ੋਰਸ ਦੀ ਵਰਤੋਂ ਕੀਤੀ ਗਈ। ਸਿਖਾਂ ਨਾਲ ਵਿਤਕਰਿਆਂ ਦੀ ਇਕ ਲੰਮੀ ਕਹਾਣੀ ਹੈ। ਪੰਜਾਬ ਤੋਂ ਚੰਡੀਗੜ੍ਹ, ਪੰਜਾਬੀ ਭਾਸ਼ੀ ਇਲਾਕੇ, ਬਿਜਲੀ ਅਤੇ ਪਾਣੀ ਖੋਹ ਲਏ ਗਏ। ਇਸਨੂੰ ਕਚੇ ਮਾਲ ਦੀ ਮੰਡੀ ਬਣਾ ਕੇ ਲੁਟਿਆ ਪੁਟਿਆ ਗਿਆ। ਇਸ ਨੰਗੇ ਵਿਤਕਰੇ ਕਾਰਨ ਅਕਾਲੀ ਦਲ ਮੋਰਚਾ ਲਗਾਉਣ ਤੇ ਮਜਬੂਰ ਹੋਇਆ। ਸੰਤ ਜੀ ਨੇ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਖਾਤਰ ਹਿੰਦੂ-ਸਿਖ ਏਕਤਾ ਨੂੰ ਦਲ ਕਦੇ ਭੰਗ ਨਹੀਂ ਹੋਣ ਦੇਵੇਗਾ। ਉਨ੍ਹਾਂ ਸਰਕਾਰ ਤੇ ਦੋਸ਼ ਲਗਾਇਆ ਕਿ ਉਹ ਸਿਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਰਗਾ ਸਲੂਕ ਕਰ ਰਹੀ ਹੈ। ਸਰਕਾਰ ਨੇ ਜਿਥੇ ਸਾਰੇ ਦੇਸ਼ ਵਿਚ ਬੋਲੀ ਦੇ ਅਧਾਰ ਤੇ ਸੂਬੇ ਬਣਾਏ ਉਥੇ ਪੰਜਾਬੀ ਸੂਬਾ ਬਨਾਉਣ ਲਈ ਅਨੇਕਾਂ ਕੁਰਬਾਨੀਆਂ ਲਈਆਂ। ਸੰਤ ਜੀ ਨੇ ਹੋਰ ਕਿਹਾ ਕਿ ਪੰਜਾਬ ਮਸਲੇ ਨੂੰ ਗਲਬਾਤ ਦੁਆਰਾ ਹਲ ਕਰਨ ਦੇ ਅਕਾਲੀ ਦਲ ਦੇ ਸਾਰੇ ਯਤਨ ਫ਼ੇਲ੍ਹ ਹੋ ਗਏ ਹਨ, ਜਿਸ ਤੇ ਅਕਾਲੀ ਦਲ ਨੂੰ ਹੁਣ ਨਵਾਂ ਪ੍ਰੋਗਰਾਮ ਦੇਣਾ ਪਿਆ ਹੈ। ਅਜੀਤ ੨੮-੧-੮੪

## ਭਾਈ ਸ਼ਮਸ਼ੇਰ ਸਿੰਘ ਜੀ ਵਿਛੋੜਾ ਦੇ ਗਏ

ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਕੀਰਤਨ ਅਖਾੜਿਆਂ ਦੀ ਸਾਂਝ ਵਾਲੇ ਪੁਰਾਤਨ ਕੀਰਤਨੀ ਸਿੰਘ ਭਾਈ ਸ਼ਮਸ਼ੇਰ ਸਿੰਘ ਜੀ ਦਿਲੀ ੪ ਜਨਵਰੀ ੧੯੮੪ ਨੂੰ ਅਕਾਲ ਚਲਾਣਾ ਕਰ ਗਏ। ਵਾਹਿਗੁਰੂ ਜੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। ਇਨ੍ਹਾਂ ਬਾਰੇ ਸੰਖੇਪ ਵੇਰਵਾ ਆਉ ਦੇ ਪਰਚੇ ਵਿਚ।

## ਪਿੰਡ ਘਨੌੜ (ਪਟਿਆਲਾ) ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਪਿਆਰਾ ਸਿੰਘ ਜੀ ਬੇਨਤੀ ਕਰਦੇ ਹਨ ਕਿ ਪਟਿਆਲਾ ਅਖੰਡ ਕੀਰਤਨੀ ਜਥੇ ਵਲੋਂ ਉਨ੍ਹਾਂ ਦੇ ਗ੍ਰਿਹ ਵਿਖੇ ੩ ਮਾਰਚ ੧੯੮੪ ਸ਼ਨੀਵਾਰ ਸਵੇਰੇ ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ। ਦਰਸ਼ਨ ਬਖਸ਼ੋ ਜੀ।

# 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ(ਸਚਿਤ੍ਰ) | ੨-੫੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਰਹਿਤ ਮਰਯਾਦਾ ਅੰਕ | ੨-੦੦ | ਗੁਰਬਾਣੀ ਦੀ ਪਾਰਸ ਕਲਾ ,, | ੦-੭੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੪੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੫੦ |
| HAIR—A Divine Gift | 0-40 | ਗੁਰ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| Dawn of Divine Wisdom | 0-75 | ਗੁਰਮਤਿ ਅਨਹਦ ਸ਼ਬਦ ,, | ੦-੪੫ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੦-੭੫

www.AKJ.Org

# ਭਾ: ਸਾ: ਭਾਈ ਰਣਧੀਰ ਸਿੰਘ ਕੀਰਤਨ-ਉਤਸ਼ਾਹਤ ਸਕੀਮ

ਉਪਰ ਦਰਸਾਈ ਸਕੀਮ ਅਧੀਨ ੨੦ ਸਾਲ ਤੋਂ ਘਟ ਉਮਰ ਵਾਲੇ ਰਹਿਤਵਾਂਨ ਗੁਰਸਿੱਖ ਬੱਚਿਆਂ ਦੀ ਕੀਰਤਨ ਸੰਬੰਧੀ ਯੋਗਤਾ ਦੀ ਪ੍ਰੀਖਿਆ ੧੯੮੪ ਵੈਸਾਖੀ ਸਮਾਗਮ ਤੇ ਲਈ ਜਾਵੇਗੀ ।

ਸ੍ਰੀ ਆਸਾ ਦੀ ਵਾਰ, ਛੱਕੇ ਅਤੇ ਪ੍ਰਥਾਇ ਸ਼ਬਦਾਂ ਦਾ ਕੰਠਾਗਰ ਬਾਣੀ ਦੇ ਆਧਾਰ ਤੇ ਟੈਸਟ ਲਿਆ ਜਾਵੇਗਾ । ਘਟ ਤੋਂ ਘਟ ੨੪ ਸ਼ਬਦ ਬੱਚਿਆਂ ਨੂੰ ਜ਼ਰੂਰ ਯਾਦ ਹੋਣੇ ਜ਼ਰੂਰੀ ਹਨ ।

ਜਿਹੜੇ ਬੱਚੇ ਇਸ ਪ੍ਰੀਖਿਆ ਵਿਚ ਹਿੱਸਾ ਲੈਣਾ ਚਾਹੁੰਦੇ ਹੋਣ, ਉਨ੍ਹਾਂ ਦੀਆਂ ਦਰਖ਼ਾਸਤਾਂ (ਨਾਮ, ਪਤਾ ਤੇ ਉਮਰ ਆਦਿ ਦੇ ਵੇਰਵੇ ਸਹਿਤ) ੩੧ ਮਾਰਚ ੧੯੮੪ ਤਕ ਮੈਨੇਜਰ ਸੂਰਾ ਮਾਸਕ ਪੱਤਰ ਦੇ ਦਫ਼ਤਰ ਵਿਚ ਪੁਜ ਜਾਣੀਆਂ ਚਾਹੀਦੀਆਂ ਹਨ ।

ਨੋਟ :—ਸਮੁਚੀ ਆਸਾ ਦੀ ਵਾਰ, ਛਕੇ ਅਤੇ ਸ਼ਬਦ ਹਰ ਬੱਚੇ ਪਾਸੋਂ ਹਾਰਮੋਨੀਅਮ ਵਾਜੇ ਤੇ ਸੁਣੇ ਜਾਣਗੇ ।

ਖਾਲਸਾ ਜੀ ਦਾ ਸੇਵਕ— ਰਾਮ ਸਿੰਘ (ਜਥੇਦਾਰ ਅਖੰਡ ਕੀਰਤਨੀ ਜਥਾ)

---

## ਜਥੇ ਦੇ ਸਮਾਗਮਾਂ ਬਾਰੇ ਸੋਧ

'ਸੂਰਾ' ਮਾਸਕ ਪੱਤਰ ਰਾਹੀਂ, ਅਖੰਡ ਕੀਰਤਨੀ ਜਥਾ, ਬਹੁਤ ਸਾਲਾਂ ਤੋਂ ਗੁਰਮਤਿ ਪਰਚਾਰ ਕਰਦਾ ਚਲਾ ਆ ਰਿਹਾ ਹੈ । ਇਸ ਜਥੇ ਦੀ ਰਹੁ-ਰੀਤ ਅਤੇ ਮਰਯਾਦਾ ਨਿਰੋਲ ਗੁਰਬਾਣੀ ਤੇ ਅਧਾਰਤ ਹੈ । ਸਾਡਾ ਨਿਸ਼ਾਨਾ ਨਿਰੋਲ ਗੁਰ-ਮਤਿ ਅਤੇ ਗੁਰਬਾਣੀ ਹੀ ਹੈ । ਹਰ ਸੰਸਥਾਵਾਂ ਨੂੰ ਆਪੋ ਆਪਣੀਆਂ ਮਰਯਾਦਾਂ ਮੁਬਾਰਕ ਹੋਣ, ਇਸ ਸੰਬੰਧ ਵਿਚ ਸਾਡਾ ਕਿਸੇ ਨਾਲ ਕੋਈ ਵਾਦ-ਵਿਵਾਦ ਨਹੀਂ । ਪਰ ਅਸੀਂ ਜਥੇ ਦੀ ਮਰਯਾਦਾ ਦਾ ਕਿਸੇ ਹੋਰ ਮਰਯਾਦਾ ਨਾਲ ਮਿਲਗੋਭਾ ਨਹੀਂ ਕਰਦੇ । 'ਸੂਰਾ' ਪਰਚਾ ਰਾਹੀ ਭੀ ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਮਿਲਗੋਭਾ ਸਮਾਗਮਾਂ ਦਾ ਪ੍ਰੋਗਰਾਮ ਨਾ ਦਿਤਾ ਜਾਏ । ਸਮੂਹ ਸਜਣਾਂ ਦੀ ਜਾਣਕਾਰੀ ਲਈ ਇਹ ਸਤਰਾਂ ਪ੍ਰਕਾਸ਼ਤ ਕੀਤੀਆ ਜਾ ਰਹੀਆਂ ਹਨ ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

---

## ਦੂਜੇ ਸ਼ਹਿਰਾਂ ਵਿਚ 'ਸੂਰਾ' ਮਾਸਕ ਪੱਤਰ

ਹੇਠ ਲਿਖੇ ਸਜਣਾਂ ਪਾਸ ਵੀ 'ਸੂਰਾ' ਦੇ ਚੰਦੇ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾ ਸਕਦੀ ਹੈ :—

੧. ਭਾਈ ਬਲਵੰਤ ਸਿੰਘ ਜੀ ਖਾਲਸਾ
ੳ੩੯-ਬੀ, ਗਲੀ ਨੰਬਰ ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੨. ਸ: ਰਘਬੀਰ ਸਿੰਘ ਜੀ, (ਐਤਵਾਰ ਗੁਰਦਵਾਰਾ ਬੰਗਲਾ ਸਾਹਿਬ ਦੇ ਬਾਹਰ)
੬੬੭੧/੯, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ, ਫੋਨ ੫੮੪੭੩੯

੩. ਇੰਗਲੈਂਡ ਵਿਚ—
S. Gurnam Singh, 10-Lamborune Gardens, Earley, Reading, Berks. Phone 0734-67900

---

## ਕੀਰਤਨੀਏ ਭਾਈ ਜੀਵਨ ਸਿੰਘ ਜੀ ਦੇ ਮਾਤਾ ਜੀ ਚਲ ਵਸੇ

ਭਾਈ ਸਾਹਿਬ ਜੀਵਨ ਸਿੰਘ ਜੀ ਦੀ ਧੰਨ ਜਨਨੀ ਹੈ, ਜਿਨ੍ਹਾਂ ਨੇ ਆਪ ਜੀ ਨੂੰ ਜਨਮ ਦਿਤਾ । ਭਾਈ ਸਾਹਿਬ ਜੀ ਅਜ ਕਲ੍ਹ ਇੰਗਲੈਂਡ ਵਿਚ ਬੱਚਿਆਂ-ਬੱਚੀਆਂ ਨੂੰ ਕੀਰਤਨ ਨਾਲ ਜੋੜਨ ਦੀ ਮਹਾਨ ਸੇਵਾ ਕਰ ਰਹੇ ਹਨ ।

ਭਾਈ ਸਾਹਿਬ ਜੀ ਦੀ (ਧੰਨ ਜਨਨੀ) ਮਾਤਾ ਕ੍ਰਿਸ਼ਨ ਕੌਰ ਜੀ ਗੁਰਸਿਖ ਸੰਗਤਾਂ ਦੀ ਸੇਵਾ, ਭੋਲੇ ਭਾਵ ਵਿਚ ਕਰਦਿਆਂ ਹੋਇਆਂ, ੧੯ ਜਨਵਰੀ ੧੯੮੪ ਨੂੰ ਆਖ਼ਰੀ ਫ਼ਤਹ ਬੁਲਾ ਗਏ ਹਨ । ਭਾਈ ਸਾਹਿਬ ਦੇ ਛੋਟੇ ਵੀਰ ਸ਼ੇਰ ਸਿੰਘ ਤੇ ਪਰਵਾਰ ਨੇ ਮਾਤਾ ਜੀ ਦੀ ਸੇਵਾ-ਸੰਭਾਲ ਤੋੜ ਨਿਭਾਈ । ਮਾਤਾ ਜੀ ਨਮਿਤ ੨੯-੧-੮੪ ਨੂੰ ਕੀਰਤਨ ਸਮਾਗਮ ਤੇ ਅਰਦਾਸ ਸਮਾਗਮ ਹੋਏ, ਜਿਸ ਵਿਚ ਦਿਲੀ, ਅੰਮ੍ਰਿਤਸਰ ਆਦਿ ਦੂਰ ਦੂਰ ਸ਼ਹਿਰਾਂ ਤੋਂ ਭਾਰੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ ਅਤੇ ਬੜੇ ਰੰਗਾਂ ਵਿਚ ਸਾਰੇ ਸਮਾਗਮਾਂ ਵਿਚ ਆਖ਼ਰੀ ਅਰਦਾਸ ਹੋਈ, ਸਤਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ।

---

## ਸੂਰਾ ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਪਾਠਕਾਂ ਵਲੋਂ ਡੇਢ ਡੇਢ ਸੌ ਰੁਪਏ ਪੁਜੇ ਹਨ । ਸਭ ਦੀ ਸਾਂਝੀ ਬੈਂਕ ਤੋਂ ਬਣਵਾਈ ਐਫ.ਡੀ. ਦਾ ਨੰਬਰ ਇਸ ਪ੍ਰਕਾਰ ਹੈ—੫੪੯੩੨੯/੩੬/੮੪; ਮਿਤੀ ੨੮-੧-੮੪, ਰਕਮ ੨੧੦੦/-ਰੁਪਏ ਸ. ਫੁੰਮਣ ਸਿੰਘ ੬੨੦੮, ਗਿ: ਤ੍ਰਿਲੋਕ ਸਿੰਘ ਖਾਲਸਾ ੬੨੦੯, ਸ: ਬਲਦੇਵ ਸਿੰਘ ਦਿਲੋਂ ੬੨੧੦, ਬੀਬੀ ਅੰਮ੍ਰਿਤ ਕੌਰ ੬੨੧੧, ਸ: ਅਮਰਜੀਤ ਸਿੰਘ ੬੨੧੨, ਮੈ: ਪ੍ਰਮਿੰਦਰਾ ਟਰੇਡਰਜ਼ ੬੨੧੩, ਬੀਬੀ ਸਵਰਨ ਕੌਰ ੬੨੧੪, ਸ: ਮਨਜੀਤ ਸਿੰਘ ਓਬਰਾਏ ੬੨੧੫, ਪੀ.ਐਸ. ਓਬਰਾਏ ੬੨੧੬, ਸ: ਗਿਆਨ ਸਿੰਘ ੬੨੧੭, ਗਿ: ਜੋਧ ਸਿੰਘ ੬੨੧੮, ਕਾਕਾ ਮਨਜਿੰਦਰ ਸਿੰਘ ੬੨੧੯, ਸ: ਪ੍ਰੀਤਮ ਸਿੰਘ ੬੨੨੦, ਸ: ਮਨਜੀਤ ਸਿੰਘ ੬੨੨੧.

www.AKJ.Org

# ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਕੀਰਤਨ ਸਮਾਗਮ

(੧) ਰੈਣ ਸਬਾਈ ਕੀਰਤਨ —4 ਫ਼ਰਵਰੀ 84 ਸ਼ਨੀਵਾਰ—ਗੁਰਦਵਾਰਾ ਸਿਖ ਟੈਂਪਲ, Wolverhampton Road, Willen Hall, Midland.

ਪੁਛ ਗਿਛ—ਜਥੇਦਾਰ ਭਾਈ ਬਲਬੀਰ ਸਿੰਘ ਜੀ Tel. 0922-38444

(2) ਰੈਣ ਸਬਾਈ ਕੀਰਤਨ 25 ਫ਼ਰਵਰੀ 84 ਸ਼ਨੀਵਾਰ—ਗੁਰਦਵਾਰਾ ਨਾਨਕ ਦਰਬਾਰ, Clearance Place, Gravesent, Kent, Tel. Gurdwara 0474-534121

ਪੁੱਛ ਗਿਛ—Tel. ਭਾਈ ਰਾਮ ਸਿੰਘ ਜੀ 0474-25016, ਭਾਈ ਸੇਵਾ ਸਿੰਘ ਜੀ 0474-25247

ਨੋਟ : 26 ਫ਼ਰਵਰੀ ਨੂੰ ਸਵੇਰੇ ਭਾਈ ਸੇਵਾ ਸਿੰਘ ਜੀ ਦੀ ਸਪੁਤਰੀ ਦੇ ਅਨੰਦ ਕਾਰਜ ਤੋਂ ਉਪਰੰਤ 6-30 ਭੋਗ ਪੈਣਗੇ

(3) ਲੋਕਲ ਸ੍ਰੀ ਅਖੰਡ ਪਾਠ 20 ਤੋਂ 22 ਅਪ੍ਰੈਲ 1984, ਭੋਗ ਤੋਂ ਉਪਰੰਤ ਕੀਰਤਨ ਦੀ ਬਰਖਾ ਭਾਈ ਨਿਰਮਲ ਸਿੰਘ ਜੀ 5-North Cote Road, Gravesend, Kent Tel. 0474-51848

---

## ਸਾਹਨੇਵਾਲੇ ਖੁਰਦ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਭਾਈ ਸੇਵਾ ਸਿੰਘ ਦੇ ਗ੍ਰਿਹਿ ਸਾਹਨੇਵਾਲ ਖੁਰਦ ਵਿਖੇ 25 ਫਰਵਰੀ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆ ਕੇ ਲਾਹੇ ਪ੍ਰਾਪਤ ਕਰੋ ਜੀ ।

---

## ਤਲਵੰਡੀ ਭਾਈ ਕੇ (ਫ਼ੀਰੋਜ਼ਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਬਲਦੇਵ ਸਿੰਘ ਟਰੈਕਟਰ ਮਕੈਨਿਕ ਸੂਚਿਤ ਕਰਦੇ ਹਨ ਕਿ ਤਲਵੰਡੀ ਭਾਈ ਕੇ ਨੇੜੇ ਪੁਰਾਣਾ ਅਡਾ, ਗੁਰਦਵਾਰਾ ਕਲਗੀਧਰ ਵਿਖੇ 11 ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਸਮੂਹ ਪਿਆਰੇ ਦਰਸ਼ਨ ਬਖਸ਼ੋ ਤੇ ਲਾਹੇ ਪ੍ਰਾਪਤ ਕਰੋ ਜੀ ।

---

## ਪਿੰਡ ਫ਼ਤਹਪੁਰ (ਆਦਮਪੁਰ) ਵਿਖੇ ਕੀਰਤਨ-ਪਰਵਾਹ

ਦਾਸ ਦੇ ਗ੍ਰਿਹਿ ਪਿੰਡ ਫ਼ਤਹਪੁਰ ਵਿਖੇ 11 ਫ਼ਰਵਰੀ ਸ਼ਾਮ ਨੂੰ 6 ਤੋਂ 9 ਤਕ ਅਤੇ 12 ਫ਼ਰਵਰੀ ਐਤਵਾਰ ਸਵੇਰੇ 6 ਵਜੇ ਤੋਂ ਦੁਪਹਿਰ 1 ਵਜੇ ਤਕ ਦਿਵਸ ਸੁਹੇਲੇ ਕੀਰਤਨ-ਅਖਾੜੇ ਸਜਣਗੇ । ਉਪਰੰਤ ਸਹਿਜ ਪਾਠ ਦੇ ਭੋਗ ਪੈਣਗੇ । ਸਮਹ ਗੁਰੂ ਦੁਲਾਰੇ, ਕੀਰਤਨ ਦੇ ਆਸ਼ਕ ਆਇ ਦੀਦਾਰ ਬਖਸ਼ੋ ਜੀ । ਇਹ ਪਿੰਡ ਹੁਸ਼ਿਆਰਪੁਰ ਵਾਲੀ ਸੜਕ ਤੇ ਆਦਮਪੁਰ ਤੋਂ ਇਕ ਕਿਲੋਮੀਟਰ ਹੈ । ਅਤੇ ਬੱਸ ਅੱਡੇ ਤੋਂ ਰਿਕਸ਼ੇ ਆਮ ਮਿਲ ਜਾਂਦੇ ਹਨ ।

---

## ਪਿੰਡ ਝਾਂਡੇ ਡਾਕਘਰ ਬਦੋਵਾਲ (ਲੁਧਿਆਣਾ) ਵਿਖੇ ਕੀਰਤਨ-ਸਮਾਗਮ

ਡਾਕਟਰ ਗੁਰਦਰਨ ਸਿੰਘ ਖਾਲਸਾ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਪਿੰਡ ਝਾਂਡੇ ਵਿਖੇ 5 ਫ਼ਰਵਰੀ ਐਤਵਾਰ ਨੂੰ ਸਵੇਰੇ 6 ਵਜੇ ਤੋਂ ਦੁਪਹਿਰ ਇਕ ਵਜੇ ਤਕ ਅਖੰਡ ਕੀਰਤਨ ਹੋ ਕੇ ਸਹਿਜ ਪਾਠ ਦੇ ਭੋਗ ਪੈਣਗੇ, ਸਮੂਹ ਸੰਗਤਾਂ ਦਰਸ਼ਨ ਬਖਸ਼ਣ ।

---

## ਨਵੀਂ ਡਰੋਲੀ (ਬਰਾਸਤਾ ਆਦਮਪੁਰ-ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਸੰਤ ਹਰਭਜਨ ਸਿੰਘ ਬੇਨਤੀ ਕਰਦੇ ਹਨ ਕਿ ਨਵੀਂ ਡਰੋਲੀ (ਡਰੋਲੀ ਖ਼ੁਰਦ) ਵਡੇ ਗੁਰਦੁਆਰੇ ਸਾਹਿਬ ਵਿਖੇ ੧੧ ਫ਼ਰਵਰੀ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਦਮਪੁਰ ਤੋਂ ਆਖ਼ਰੀ ਬੱਸ ਛੇ ਵਜੇ ਸ਼ਾਮ ਨੂੰ ਚਲਦੀ ਹੈ । ਦਰਸ਼ਨ ਬਖਸ਼ੋ ਜੀ ।

---

## ਗੋਂਦਪੁਰ (ਰਾਮਪੁਰ ਖੇੜਾ-ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਸੰਗਤ ਵਲੋਂ ਗੋਂਦਪੁਰ (ਲਾਗੇ ਗੜ੍ਹਦੀਵਾਲਾ) ਵਿਖੇ ਰੈਣ ਸਬਾਈ ਕੀਰਤਨ ੧੫-੨-੮੪ ਬੁਧਵਾਰ ਨੂੰ ਹੋਣੇ ਹਨ । ਸੰਗਤਾਂ ਠੀਕ ਤਰੀਕ ਨੋਟ ਕਰ ਲੈਣ ।

---

## ਪਿੰਡ ਪਨਾਮ (ਹੁਸ਼ਿਆਰਪੁਰ) ਵਿਖੇ ਕੀਰਤਨ ਰੈਣ ਸਬਾਈ

ਭਾਈ ਹਰਮਹਿੰਦਰ ਸਿੰਘ ਗੋਬਿੰਦਪੁਰੀ ਸੂਚਨਾ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਾ ਇਲਾਕਾ ਬੰਗਾ ਵਲੋਂ ਭਾਈ ਜੋਗਿੰਦਰ ਸਿੰਘ ਕੈਨੇਡਾ ਨਿਵਾਸੀ ਦੇ ਉਦਮ ਨਾਲ ਪਿੰਡ ਪਨਾਮ ਵਿਖੇ ੩ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਗੜ੍ਹ ਸ਼ੰਕਰ ਤੋਂ ਸੰਗਤਾਂ ਲਈ ਟਰਾਲੀ ਚਲੇਗੀ । ਇਹ ਪਿੰਡ ਗੜ੍ਹ ਸ਼ੰਕਰ-ਬਲਾਚੌਰ ਸੜਕ ਤੇ ਹੈ ।

www.AKJ.Org

## ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ-ਸਾਲਾਨਾ ਅਖੰਡ ਕੀਰਤਨ ਸਮਾਗਮ

### ਵੀਰਵਾਰ ੧੬ ਫਰਵਰੀ ਸਵੇਰ ਤੋਂ ੧੯ ਫ਼ਰਵਰੀ ੧੯੮੪ ਐਤਵਾਰ ਸਵੇਰ ਤਕ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਤਿਹਾਸਕ ਅਸਥਾਨ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਜੁੜ ਰਹੇ ਹਨ । ਪ੍ਰੋਗਰਾਮ ਵਿਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ ।

| | | |
|---|---|---|
| ੧੬-੨-੮੪ | ਸਵੇਰੇ ੫ ਤੋਂ ੮ ਕੀਰਤਨ ਆਸਾ ਦੀ ਵਾਰ ਤੇ ਆਰੰਭ ਸ੍ਰੀ ਅਖੰਡ ਪਾਠ ਅਸਥਾਨ | ਗੁ: ਦੂਖ ਨਿਵਾਰਨ ਸਾਹਿਬ |
| | ਸ਼ਾਮ ੫ ਤੋਂ ੭-੩੦ ਹਜ਼ੂਰੀ ਕੀਰਤਨ | ਗੁਰਦਵਾਰਾ ਦੂਖ ਨਿਵਾਰਨ ਸਾਹਿਬ |
| ੧੭-੨-੮੪ | ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁਰਦਵਾਰਾ ਨਵੀਨ ਸਿੰਘ ਸਭਾ, ਪਟਿਆਂਲਾ |
| | ਸ਼ਾਮ ੫ ਤੋਂ ੭-੩੦ ਅਖੰਡ ਕੀਰਤਨ | ਗੁਰਦਵਾਰਾ ਮੋਤੀ ਬਾਗ ਪਟਿਆਲਾ |
| ੧੮-੨-੮੪ | ਸਵੇਰੇ ੫ ਤੋਂ ੧੨ ਭੋਗ ਸ੍ਰੀ ਅਖੰਡ ਪਾਠ ਉਪਰੰਤ ਅਖੰਡ ਕੀਰਤਨ | ਗੁਰਦਵਾਰਾ ਦੂਖ ਨਿਵਾਰਨ ਸਾਹਿਬ |
| | ਸ਼ਾਮ ੭-੩੦ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਆਰੰਭ | ,, ,, ,, |

੧੯-੨-੮੪ ਐਤਵਾਰ ਸਵੇਰੇ ੬ ਵਜੇ ਸਮਾਪਤੀ । —ਲੋੜ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ—

ਨੋਟ:—ਰਿਹਾਇਸ਼ ਤੇ ਲੰਗਰ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ । ਬਿਸਤਰੇ ਲੋੜ ਅਨੁਸਾਰ ਨਾਲ ਲਿਆਓ ਜੀ ।

ਮੈਨੇਜਰ, ਗੁ: ਦੂਖ ਨਿਵਾਰਨ ਸਾਹਿਬ ਫੋਨ ੪੩੩੯ ਦਰਸ਼ਨ ਅਭਿਲਾਖੀ : ਅਖੰਡ ਕੀਰਤਨ ਜਥਾ, ਪਟਿਆਲਾ

## ਹੋਲਾ ਮਹੱਲਾ ਸ੍ਰੀ ਅਨੰਦਪੁਰ ਸਮਾਗਮ ੧੫ ਤੋਂ ੧੮ ਮਾਰਚ, ਰੈਣ ਸਬਾਈ ੧੭ ਮਾਰਚ

ਵੇਰਵਾ ਆਉਂਦੇ ਪਰਚੇ ਵਿਚ । ਦਾਸਰੇ : ਨਿਰੰਜਨ ਸਿੰਘ ਚੰਡੀਗੜ੍ਹ ਤੇ ਹਰਮਹਿੰਦਰ ਸਿੰਘ ਗੋਬਿੰਦਪੁਰੀ, ਬੰਗਾ

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ ਤੇ ਸ਼ਹੀਦ ਫੌਜਾ ਸਿੰਘ ਦੀ ਸਾਲਾਨਾ ਬਰਸੀ

ਬੀਬੀ ਅਮਰਜੀਤ ਕੌਰ ਜੀ ਸੂਚਿਤ ਕਰਦੇ ਹਨ ਕਿ ਉਨ੍ਹਾਂ ਦੇ ਪਤੀ ਸ਼ਹੀਦ ਫ਼ੌਜਾ ਸਿੰਘ ਦੀ ਸਾਲਾਨਾ ਯਾਦ ਵਿਚ ੧੨-੨-੮੪ ਐਤਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਸ੍ਰੀ ਅਕਾਲ ਤਖ਼ਤ ਸਾਹਿਬ ਨੇੜੇ ਝੰਡੇ ਬੁੰਗੇ ਉਪਰ ਹਾਲ ਵਿਚ ਪੈਣਗੇ ਉਪਰੰਤ ੧੨ ਵਜੇ ਦੁਪਹਿਰ ਤਕ ਕੀਰਤਨ ਹੋਣਗੇ ਅਤੇ ਸ਼ਾਮ ਨੂੰ ੬ ਤੋਂ ੯ ਤਕ ਅਖੰਡ ਕੀਰਤਨ ਹੋਣਗੇ । ੨੫-੨-੮੪ ਸ਼ਨੀਵਾਰ ਰਾਤ ਨੂੰ ਇਸੇ ਅਸਥਾਨ ਤੇ ਸ਼ਹੀਦਾਂ ਦੀ ਯਾਦ ਵਿਚ ਮਾਸਿਕ ਰੈਣ ਸਬਾਈ ਕੀਰਤਨ ਹੋਣਗੇ । ਆਇ ਜੁੜੋ ਜੀ ।

## ਗਿ: ਦਲੀਪ ਸਿੰਘ ਜੀ ਫੂਲਾਂਵਾਲ ਦੀ ਸਾਲਾਨਾ ਬਰਸੀ

ਮਾਸਟਰ ਬਲਦੇਵ ਸਿੰਘ ਫੂਲਾਂਵਾਲ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਦੇ ਪਿਤਾ ਗਿਆਨੀ ਦਲੀਪ ਸਿੰਘ ਜੀ ੧੪-੨-੮੨ ਨੂੰ ਅਕਾਲ ਚਲਾਣਾ ਕਰ ਗਏ ਸਨ । ਉਨ੍ਹਾਂ ਦੀ ਯਾਦ ਵਿਚ ੧੪-੨-੮੪ ਮੰਗਲਵਾਰ ਨੂੰ ਸਵੇਰੇ ਸਧਾਰਨ ਪਾਠ ਦੇ ਭੋਗ ਪਾਏ ਜਾਣਗੇ ਅਤੇ ੧੧ ਵਜੇ ਤਕ ਅਖੰਡ ਕੀਰਤਨ ਹੋਣਗੇ । ਸਮੂਹ ਕੀਰਤਨੀ ਵੀਰ ਭੈਣਾਂ ਤੇ ਸੰਗਤਾਂ ਦਰਸ਼ਨ ਦੇ ਕੇ ਨਿਵਾਜੋ ਜੀ । ਫੂਲਾਂਵਾਲ ਲੁਧਿਆਣੇ ਤੋਂ ਤਿੰਨ ਮੀਲ ਪਖੋਵਾਲ ਵਾਲੀ ਸੜਕ ਤੇ ਹੈ ।

## ਪਿੰਡ ਵਰਸਾਲ ਚੱਕ (ਗੁਰਦਾਸਪੁਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਰਤਨ ਸਿੰਘ ਦੇ ਗ੍ਰਿਹਿ ਵਿਖੇ ੧ ਤੋਂ ੩ ਮਾਰਚ ਸ਼ਨੀਵਾਰ ਤਕ ਸ੍ਰੀ ਅਖੰਡਪਾਠ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣੇ ਹਨ । ਇਹ ਪਿੰਡ ਸ੍ਰੀ ਹਰਿਗੋਬਿੰਦਪੁਰ ਸੜਕ ਤੇ ਹਰਚੋਵਾਲ ਤੋਂ ਅਗੇ ਬੋਹ ਲਾਗੇ ਸਜੇ ਪਾਸੇ ਇਕ ਕਿਲੋ ਮੀਟਰ ਤੇ ਹੈ । ਬਟਾਲੇ ਤੋਂ ਸ੍ਰੀ ਹਰਿਗੋਬਿੰਦਪੁਰ ਵਾਲੀ ਸੜਕ ਤੇ ਧਾਰੀਵਾਲ ਸੋਈਆਂ ਤੋਂ ਚੀਮਾ ਖੁੱਡੀ ਵਿਚੋਂ ਦੀ ਦੋ ਕਿਲੋਮੀਟਰ ਹੈ । ਦਾਸਰੇ—ਮਾਸਟਰ ਨਿਰੰਜਨ ਸਿੰਘ ਤੇ ਗਿ: ਹਜ਼ਾਰਾ ਸਿੰਘ ਜੀ D.S.P. ਗੁਰਦਾਸਪੁਰ

## ਸੂਰਾ ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਜੀ

www.AKJ.Org